ਅਲਖ ਨਿਰੰਜਨ ਗੁਣੀ ਗਹੀਰਾ। ਤਿਸ ਆਗੈ ਪੁਨਿ ਕਉਨ ਵਜ਼ੀਰਾ ।33
ਹਰਿਕੈ ਪਾਸ ਕਉਣ ਪੁਨਿ ਰਹੈ। ਅਥਵਾ ਆਪ ਇਕੇਲਾ ਅਹੇ।
ਆਪ ਨਿਰੰਜਨ ਹਰਿ ਹੈ ਜਹਾਂ। ਕੋ ਕਰਨੀ ਕਰਿ ਪਹੁਚੈ ਤਹਾਂ ।34
ਨਾਨਕ ਭਾਖਯੋ ਸੁਣੋ ਉਦਾਰੇ। ਹਰਿ ਦਰਿ ਕਾ ਸਭ ਦੇਹੁ ਬਿਚਾਰੇ।
ਇਉਂ ਗੁਰ ਬੂਝਿਉ ਤਾਂਹਿ ਬਿਨਾਨੀ। ਬੋਲੀ ਆਪਸ ਅੰਮ੍ਰਿਤ ਬਾਨੀ ।35

ਸ੍ਰੀ ਭਵਾਨੀ ਵਾਚ । ਦੋਹਰਾ।

ਨਾਨਕ ! ਤਿਸੁ ਪਾਰਬ੍ਰਹਮ ਕਾ, ਪਰਮ ਧਾਮ ਹੈ ਜੋਇ।
ਬਰਨਨ ਤਿਸ ਅਸਥਾਨ ਕੀ, ਹਮ ਤੇ ਨਾਹਿ ਸੁ ਹੋਇ ।36

ਬਰਨਨ ਕਰਿ ਹਰਿ ਧਾਮ ਕੀ, ਨਾਹਿ ਸਕੇ ਜਬ ਜਉਨ।
ਤਬ ਫਿਰਿ ਹਰਿ ਕੇ ਰੂਪ ਕੋ, ਬਰਨ ਸੁਨਾਵੈ ਕਉਨ ।37

### ਚੌਪਈ

ਜਹ ਹਰਿ ਬੈਠੇ ਤਖਤਿ ਰਚਾਈ । ਤਹ ਕਾ ਭੇਦ ਨ ਲਖਿਆ ਜਾਈ ।
ਬ੍ਰਹਮਾ ਬਿਸਨੁ ਮਹੇਸਰਿ ਜੇਤੇ । ਪਾਰ ਨ ਪਾਇ ਸਕੈ ਸਭ ਤੇਤੇ ।38
ਰਾਮ ਕ੍ਰਿਸਨ ਆਦਿਕ ਅਵਤਾਰੇ । ਸਿਮਰਹਿ ਖੜੇ ਸੁ ਬਾਹਰਿ ਵਾਰੇ ।
ਸੁਰ ਨਰ ਮੁਨਿ ਜਨ ਦੇਵੀ ਦੇਵਾ । ਭਗਤਿ ਕਰੀ ਜਿਨ ਅਲਖ ਅਭੇਵਾ ।39
ਹਰਿ ਦਰਿ ਕੇ ਸਭ ਚੌਂਕੀਦਾਰਾ । ਸਿਰ ਪਰ ਦੇਖਹਿ ਹੁਕਮਿ ਕਰਾਰਾ ।
ਭੀਤਰਿ ਮਹਲਿ ਨ ਜਾਨੇ ਪਾਂਵਹਿ । ਡਰਤੇ ਡਰਤੇ ਭਗਤਿ ਕਮਾਵਹਿ ।40
ਹਮ ਸੀ ਚੇਰੀ ਕੋਟਿ ਅਨੰਤਾ । ਹਰਿ ਦਰਿ ਖੜੀ ਰਟਹਿ ਭਗਵੰਤਾ ।
ਹਰਿਕਾ ਅੰਤ ਨ ਕਾਹੂ ਆਯੋ । ਇਸਤੇ ਰਾਮ 'ਬਿਅੰਤ' ਕਹਾਯੋ ।41
ਰਾਮ ਕ੍ਰਿਸਨ ਤਿਸਕੇ ਅਵਤਾਰੰ । ਜਿਨ ਕਉ ਸਿਮਰੈ ਸਭ ਸੰਸਾਰੰ ।
ਤਿਨ ਕੋ ਭੀ ਕਛੁ ਅੰਤ ਨ ਆਯੋ । ਇਸ ਤੇ ਰਾਮ ਬਿਅੰਤ ਕਹਾਯੋ ।42
ਸਚੁ ਖੰਡ ਕਾ ਭੇਦ ਨਿਰਾਲਾ । ਉਤਪਤਿ ਪਰਲੋ ਤਹਾਂ ਨ ਪਾਲਾ ।
ਉਤਪਤਿ ਪਰਲੋ ਇਹੁ ਜੰਜਾਲਾ । ਇਹੁ ਹੈ ਜਹਾਂ, ਤਹਾਂ ਹੈ ਕਾਲਾ ।43
ਅਬਿਨਾਸੀ ਸੋ ਹਰਿ ਕਾ ਧਾਮ । ਇਸਤੇ ਸਚੁ ਖੰਡ ਤਹਿੰ ਨਾਮੁ ।
ਪੁਨਿ ਅਬਿਨਾਸੀ ਹਰਿ ਕੋ ਜਾਨ । ਅਲਖ ਨਿਰੰਜਨ ਸੋ ਭਗਵਾਨ ।44
ਅਬਿਨਾਸੀ ਕੋ ਸਿਮਰੈ ਜੋਊ । ਅਬਿਨਾਸੀ ਪੁਨਿ ਹੋਵੈ ਸੋਊ ।
ਨਾਸਵੰਤਿ ਕਾ ਸਿਮਰਨ ਕਰੈ । ਬਾਰੰ ਬਾਰ ਸੁ ਜਨਮੈ ਮਰੈ ।45

### ਦੋਹਰਾ

ਫੇਰਿ ਭਵਾਨੀ ਨੈ ਕਹਿਉ ਅੰਤਰਿ ਕਿਰਪਾ ਧਾਰੁ ।
ਸੁਣਿ ਨਾਨਕ ਹਰਿ ਕੋਟਿ ਕਾ ਅਦਭੁਤਿ ਰੂਪ ਅਪਾਰ ।46

### ਸ੍ਰੀ ਦੇਵੀ ਵਾਚ । ਚੌਪਈ

ਸੁੰਨਿ ਨਗਰਿ ਹਰਿ ਕੋਟਿ ਬਨਾਯੋ । ਕੁਦਰਤਿ ਕਾ ਸਭ ਖੇਲ ਰਚਾਯੋ ।
ਅਦਭੁਤਿ ਹੀਰੇ ਲਾਲ ਲਗਾਏ । ਤਿਨ ਕੀ ਕੀਮਤਿ ਕਹੀ ਨ ਜਾਏ ।47
ਅਦਭੁਤਿ ਮਣੀ ਲਗੀ ਤਿਸ ਮਾਹਿ । ਭਾਂਤਿ ਭਾਂਤਿ ਕੇ ਰੰਗ ਸੁ ਜਾਂਹਿ ।
ਕੰਚਨਿ ਚੂਨਾ ਇਟਾਂ ਮਣੀ । ਇਕਤੇ ਏਕ ਅਮੋਲਕਿ ਕਣੀ ।48
ਮਾਤ ਲੋਕ ਮੈਂ ਰਤਨ ਸੁ ਜੇਤੇ । ਤਿਨਕੀ ਨਕਲ ਅਹੇ ਸਭ ਤੇਤੇ ।
ਤਿਨ ਰਤਨੋਂ ਕਾ ਅੰਤ ਨ ਪਾਰੰ । ਅਦਭੁਤਿ ਤਿਨਕੀ ਜੋਤਿ ਅਪਾਰੰ ।49
ਝਿਲਿਮਿਲਿ ਝਿਲਿਮਿਲਿ ਝਮਕੈ ਜੋਤਿ । ਦਰਸਨਿ ਕਰਤਿਮੁਕਤਿ ਨਰ ਹੋਤਿ ।
ਇਸੀ ਭਾਂਤਿ ਕੇ ਬੁਰਜਿ ਉਸਾਰੇ । ਹੀਰੇ ਮੋਤੀ ਲਾਇ ਸਵਾਰੇ ।50
ਖਾਈ ਅਰੁ ਪਰਕੋਟਾ ਭਾਰੀ । ਅਨਿਕ ਬੈਠਕਾਂ ਤਾਹਿ ਮਝਾਰੀ ।
ਪਰਕੋਟੇ ਕੋ ਨਉਂ ਦਰਿ ਵਾਜੇ । ਦ੍ਵਾਰ ਦ੍ਵਾਰ ਪਰਿ ਨਉਬਤਿ ਬਾਜੇ ।51
ਦਸਵਾਂ ਦ੍ਵਾਰ ਅਉਰ ਇਕ ਆਗੇ । ਤਿਸਕੇ ਪਾਟ ਰਹੈਂ ਸਦ ਲਾਗੇ ।
ਤਿਸ ਦਰਿ ਕੇ ਸਤਿਗੁਰ ਰਖਵਾਰੇ । ਤਿਸ ਪਰ ਅਨਹਦਿ ਘੁਰਹਿ ਨਗਾਰੇ ।52
ਤਿਸ ਦਰਿ ਕੀ ਕੀਲੀ ਗੁਰ ਪਾਸੰ । ਬੇਗਮ ਪੁਰਿ ਮੈ ਗੁਰ ਕਾ ਬਾਸੰ ।
ਬੇਗਮ ਪੁਰਿ ਕਾ ਸਤਿਗੁਰ ਰਾਜਾ । ਤਿਸ ਪੁਰਿ ਕਾ ਸੋਹੈ ਦਰਿਵਾਜਾ ।53

ਹਰਿ ਕੁਦਰਤਿ ਕਾ ਚਾਨਣ ਤਹਾਂ। ਬੇਗਮ ਪੁਰੀ ਮਨੋਹਰਿ ਜਹਾਂ।
ਬੇਗਮ ਪੁਰਿ ਪਰਿ ਹੈ ਸਚੁ ਖੰਡ। ਤਹਿੰ ਕੁਦਰਤਿ ਕੀ ਜੋਤਿ ਅਖੰਡ।54

ਸਲੋਕੁ

ਪਰਕੋਟੇ ਕੇ ਕਿੰਗੁਰੇ ਮੀਨਾਕਾਰੀ ਜਾਨ।
ਤੁੰਗ ਧ੍ਵਜਾ ਤਿਨ ਊਪਰੇ, ਫਰਰੇ ਉਡਹਿ ਮਹਾਨ।55

ਦੋਹਰਾ

ਪੁਨਿ ਹਰਿ ਸ਼ਕਤੀ ਇਉਂ ਕਹਯੋ, ਸੁਣਿ ਨਾਨਕ ਨਿਰਬਾਨ।
ਸੁਣਹੁ ਨਿਸਾਨੀ ਤਖਤਿ ਕੀ, ਜਹ ਬੈਠੇ ਭਗਵਾਨ।56

ਚੌਪਈ

ਸਚਖੰਡ ਮੈ ਤਖਤਿ ਰਚਾਯੰ। ਤਿਸਕਾ ਭੇਦ ਨ ਕਿਸੈ ਲਖਾਯੰ।
ਸਚ ਖੰਡ ਕਾ ਭੇਦ ਨਿਰਾਲਾ। ਲਾਖਹੁ ਰਵਿ ਕਾ ਤਹਾਂ ਉਜਾਲਾ।57
ਹੇਮ ਤਖ਼ਤਿ ਪਰ ਰਾਮ ਬਿਰਾਜੇ। ਲਾਖਹੁ ਰਵਿ ਸਸਿ ਪਿਖ ਤਹ ਲਾਜ।
ਝਿਲਿ ਮਿਲਿ ਝਿਲ ਮਿਲਿ ਤਖਤਿ ਸੁ ਕਰੇ। ਰਤਨਿ ਅਮੋਲਕਿ ਤਾਹਿ ਸੁ ਜਰੇ।58
ਰਿਖਿ ਮੁਨਿ ਦੇਵੀ ਦੇਵ ਉਦਾਰੇ। ਨਿਸਦਿਨ ਸਿਮਰਹਿ ਅਲਖ ਅਪਾਰੇ।
ਬ੍ਰਹਮਾ ਬਿਸਨੁ ਰਹੇ ਗੁਨਿ ਗਾਈ। ਹਰਿ ਕੀ ਸੋਭਾ ਕਹੀ ਨ ਜਾਈ।59
ਅਮਰਿ ਅਜੋਨੀ ਜਗਤਿ ਅਧਾਰੇ। ਅਗਮ ਅਗੋਚਰਿ ਅਲਖ ਅਪਾਰੇ।
ਸਭ ਕੇ ਭੀਤਰਿ ਸਭ ਤੇ ਨਯਾਰਾ। ਤਿਸਕਾ ਅੰਤ ਨ ਪਾਰਾ ਵਾਰਾ।60
ਉਤਿਪਤਿ ਪਰਲੋ ਨਿਮਖ ਮਝਾਰੇ। ਨਾਨਕ ਕਰੈ ਸੁ ਹਰਿ ਕਰਤਾਰੇ।
ਬਾਰ ਬਾਰ ਯੋਂ ਕਹੈ ਭਵਾਨੀ। ਸੁਣਿ ਨਾਨਕ ਤੂੰ ਹਮਰੀ ਬਾਨੀ।61
ਤਖਤਿ ਨਿਰੰਜਨ ਜੋਤਿ ਗਹੀਰੰ। ਬੈਠਾ ਤਖਤਿ ਸੁ ਬਿਨਾ ਵਜ਼ੀਰੰ।
ਜੋ ਕਿਛੁ ਕਰੇ ਸੁ ਆਪੇ ਆਪ। ਉਸ ਕੀ ਮਾਇ ਨ ਕੋਊ ਬਾਪ।62

ਦੋਹਰਾ

ਸਭ ਕਾ ਮਾਈ ਬਾਪ ਸੋ, ਤਿਸ ਕੋ ਮਾਇ ਨ ਬਾਪ।
ਮਾਇ ਬਾਪ ਸਭ ਤਿਨ ਥਪੇ, ਨਾਨਕ ਰਾਮ ਅਥਾਪ।63
ਰਚੇ ਕੋਟਿ ਬ੍ਰਹਮੰਡ ਹਰਿ, ਨਿਮਖਾਰਧ ਮੈਂ ਜਾਨ।
ਤਿਤਿਨੇ ਮੈ ਪੁਨਿ ਮੇਟ ਦੇ, ਸਾਮ੍ਰਥ ਸੋ ਭਗਵਾਨ।64

ਚੌਪਈ

ਸੁੰਨਿ ਨਗਰਿ ਬੇਗਮ ਪੁਰਿ ਨਾਮੰ। ਅਗਮ ਠਉਰ ਨਿਹਚਲ ਹਰਿ ਧਾਮੰ।
ਕੁਦਰਤਿ ਕਾ ਹਰਿ ਤਖਤਿ ਰਚਾਯਾ। ਰੂਪ ਨ ਰੇਖ ਨ ਛਾਯਾ ਮਾਯਾ।65
ਅਚਰਜ ਮਹਲ ਸੁ ਬਨੇ ਕੰਗੂਰੇ। ਤਾਂ ਮਹਿ ਅਚਰਜ ਚਮਕੈ ਨੂਰੇ।
ਕੁਦਰਤਿ ਕਾ ਸੋ ਨੂਰ ਉਦਾਰੀ। ਕੁਦਰਤਿ ਮਹਲਿ ਸੁ ਸੀਸੇਕਾਰੀ।66
ਲਾਖਹੁ ਕਦਰਤਿ ਕੇ ਮਹਤਾਬਾ। ਲਾਖਹੁ ਪੁਨਿ ਜਾਨਹੁ ਅਫਤਾਬਾ।
ਸਭ ਕੁਦਰਤਿ ਕਾ ਖੇਲ ਉਦਾਰੇ। ਕਹਤਿ ਕਹਤਿ ਕਛੁ ਆਇ ਨ ਪਾਰੇ।67
ਹਰਿ ਦਰਿ ਪਰਿਹੈ ਸ਼ਕਤਿ ਭਵਾਨੀ। ਹਰਿ ਸਿਮਰਨ ਸੋ ਕਰਹਿ ਬਿਨਾਨੀ।
ਆਠ ਪਹਰਿ ਸੋ ਹਰਿ ਦਰਿਵਾਰੇ। ਊਭੀ ਰਹੈ ਸੁ ਤਾਂਹਿ ਅਗਾਰੇ।68

ਭਗਤਿ ਅਨਿੰਨ ਰਹਤਿ ਅਭਿਮਾਨੰ। ਕਰੈ ਸੁ ਪਹੁਚੈ ਤਹਾਂ ਮਹਾਨੰ।
ਕਹੈ ਭਵਾਨੀ ਨਾਨਕ ਸਾਧੰ। ਸੁੰਨਿ ਨਗਰਿ ਕਾ ਖੇਲੁ ਅਗਾਧੰ।69
ਤਖਤਿ ਨਿਰੰਜਨ ਬੈਠਾ ਛਾਜੇ। ਅਨਹਦਿ ਕੁਦਰਤਿ ਵਾਜਹਿ ਵਾਜੇ।
ਓਅੰਕਾਰ ਧੁਨੀ ਪਰਗਾਸੰ। ਸੁਣਿ ਸੁਣਿ ਮਗਨਿ ਹੋਹਿ ਹਰਿ ਦਾਸੰ।70

ਦੋਹਰਾ

ਰੂਪ ਨ ਰੇਖ ਨ ਰੰਗ ਕਛੁ ਚਹੁ ਗੁਣਿ ਤੇ ਹਰਿ ਭਿੰਨ।
ਤਿਸਕੋ ਦਰਸਨਿ ਦਏ ਸੋ, ਜਿਸ ਪਰ ਹੋਇ ਪ੍ਰਸੰਨਿ।71
ਕਿਉਂ ਕਰਿ ਬਰਨੋ ਰੂਪ ਤਹ, ਰੂਪ ਰੰਗ ਜਹ ਨਾਹਿ।
ਸਭ ਤੇ ਨਯਾਰਾ ਨਾਨਕਾ, ਹੈ ਪੁਨਿ ਸਭਹਨਿ ਮਾਹਿ।72
ਰੂਪ ਰੰਗ ਸਭਿ ਤਿਸੀ ਕੇ, ਪੁਨਿ ਤਿਸ ਮੇਂ ਕਛੁ ਨਾਹਿ।
ਰਤਨਿ ਕ੍ਰਾਂਤਿ ਜਿਉ ਨਾਨਕਾ, ਤਿਉਂ ਤੁਮ ਜਾਨੋ ਤਾਂਹਿ।73

ਚੌਪਈ

ਰਤਨਿ ਕ੍ਰਾਂਤਿ ਜਿਉ ਦੇਇ ਦਿਖਾਈ। ਹੈ ਨਾਹੀ ਸੋ ਕਹੀ ਨ ਜਾਈ।
ਹੈ ਤਿਸ ਕਹੈਂ ਤੁ ਹਾਥ ਨ ਆਇ। ਨਾਹਿ ਕਹੈ ਤੋ ਰੂਪ ਦਿਖਾਇ।74
ਰੂਪ ਰੰਗ ਤਿਉਂ ਹਰਿ ਕਾ ਜਾਨਾ। ਹੈ ਨਾਹੀ ਪਰ ਕਹੋ ਮਹਾਨਾ।
ਅਧਿਸਟਾਤਾ ਸਭ ਕਾ ਸੋਇ। ਇਸ ਤੇ ਸਭ ਤਿਸ ਹੀ ਮੈ ਹੋਇ।75
ਜਗ ਕਾ ਕਾਰਨ ਬ੍ਰਹਮ ਸੁ ਹੋਯੇ। ਤਿਸ ਤੇ ਭਿੰਨ ਨਹੀਂ ਕੁਊ ਪੋਯੇ।
ਰੂਪ ਰੰਗ ਫਿਰਿ ਕਹ ਤੇ ਆਏ। ਕਾਰਨ ਕੇ ਕਾਰਜ ਮੈਂ ਜਾਏ।76
ਪਰ ਸਭ ਕਲਪਤਿ ਆਹਿ ਸੁ ਸਾਰੇ। **ਅਹਿ** ਰਸਰੀ ਜਿਉਂ ਲੇਹੁ ਬਿਚਾਰੇ। ਸੱਪ
ਕਾਰਨ ਬ੍ਰਹਮ ਜਗਤਿ ਕਾ ਐਸੇ। ਅਹਿ ਕਾ ਕਾਰਨ ਰਸਰੀ ਜੈਸੇ।77
ਅਹਿ ਕਾਰਜ ਰਸਰੀ ਤਹਿ ਕਾਰਨਿ। ਜਗ ਕਾਰਜ ਕਾਰਨ ਭਵ ਤਾਰਨਿ।
ਅਹਿ ਰਸਰੀ ਮੈਂ ਭਾਸੇ ਜੈਸੇ। ਜਗਤਿ ਬ੍ਰਹਮ ਮੇ ਭਾਸੈ ਤੈਸੇ।78
ਜਬ ਲਗ ਨ੍ਹਿਸਾ ਤਹਿ ਸਹ ਕਾਰੀ। ਤਬ ਲਗ ਭਾਸੈ ਸਰਪ ਉਦਾਰੀ।
ਨਿਸਾ ਮਿਟੈ ਜਬ ਭਾਨ ਉਜਾਸੈ। ਤਬ ਰਸਰੀ ਕੀ ਰਸਰੀ ਭਾਸੈ।79
ਅਥਵਾ ਦੇਖੇ ਕਰ ਪਰਕਾਸੰ। ਤਬ ਨਿਹਚੈ ਰਸਰੀ ਦ੍ਰੈਭਾਸੰ।
ਤਿਉਂ ਜਬ ਲਗੁ ਹੈ ਭਰਮ ਨਿਸਾ ਸੈ। ਤਬ ਲਗੁ ਜਗਤਿ ਬ੍ਰਹਮ ਮੇ ਭਾਸੈ।80

ਦੋਹਰਾ

ਗਯਾਨ ਭਾਨ ਕਰਿ ਨਾਨਕਾ ਭਰਮ ਨਿਸਾ ਜਬ ਜਾਇ।
ਜੁਗਤਿ ਭਾਸ ਜੋ ਬ੍ਰਹਮ ਮੇ ਸੋਂ ਤਬ ਨਾਹਿ ਰਹਾਇ।81
ਸੁਧਿ ਬ੍ਰਹਮ ਨਿਹਚੈ ਹੁਵੈ ਜਗਤਿ ਭਰਮ ਮਿਟਿ ਜਾਇ।
ਇਸੀ ਜਨਮ ਮੇ ਮੁਕਤਿ ਸੋ ਨਾਨਕ ਨਿਹਚੈ ਪਾਇ।82
ਸੰਸੇ ਸੁਤ ਹੈ ਭਰਮ ਕੇ ਭਰਮ ਬਾਪ ਅਗਯਾਨ।
ਗਯਾਨ ਬਲੀ ਹੈ ਨਾਨਕਾ ਕਰੇ ਤਿਹੂੰ ਕੀ ਹਾਨ।83
ਸੰਸੈ ਭਰਮ ਅਗਯਾਨ ਸਭ ਭਏ ਗਯਾਨ ਕਰਿ ਦੂਰਿ।
ਗਯਾਨ ਭਿ ਬਪੁਰਾ ਨ ਰਹੈ ਰਹੈ ਬ੍ਰਹਮ ਭਰਪੂਰਿ।84

### ਸਵੈਯਾ

ਅਗਿਆਨ ਬਿਨਾਸ ਗਿਆਨ ਕਰਯੋ ਪੁਨਿ ਗਯਾਨ ਬਿਨਾਸ ਕਰਯੋ ਬਿਗਿਆਨੰ ।
ਬਿਗਿਆਨ ਬਿਨਾਸ ਕਰਯੋ ਨਿਹਚੈ, ਨਿਹਚਾ ਨਿਰਬਾਣ ਦਸ਼ਾ ਸੁ ਮਹਾਨੰ ।
ਨਿਰਬਾਣ ਦਸਾ ਸੁਖਰੂਪ ਗੁਰੂ, ਗੁਰ ਪੂਰਨ ਬ੍ਰਹਮ ਸੁ ਹੈ ਭਗਵਾਨੰ ।
ਦੁਰਗਾ ਇਮ ਆਖ ਕਹਯੋ ਮੁਖਿ ਤੇ ਕਵਿ ਸੰਤਹਿ ਰੇਣ ਸੁ ਕੀਨ ਬਖਾਨੰ ।85
ਇਤਿ ਸ੍ਰੀਮਤਿ ਨਾਨਕ ਬਿਜੈ ਗ੍ਰੰਥੇ ਸੁਮੇਰ ਖੰਡੇ ਅੰਗਦ ਵਾਮਦੇਵ ਸੰਬਾਦੇ ਨਾਮ ਸੋਲਮੋ ਧਿਆਇ ।

### ਸ੍ਰੀ ਭਵਾਨੀ ਵਾਚ । ਸਲੋਕ ।

ਈਸਰ ਸਤਿ ਜਗ ਮਿਥਿਆ, ਇਹੀ ਕਲਪਨਾ ਮੂਲਿ ।
ਨਿਰਬਾਣ ਦਸਾ ਲੈ ਨਾਨਕਾ ਇਸਕੋ ਜਾਵੈ ਭੂਲਿ । 1
ਜਬ ਲਗੁ ਹੈ ਇਹੁ ਕਲਪਨਾ ਤਬ ਲਗੁ ਸੁਖ ਨਹੀਂ ਕੋਇ ।
ਨਿਰਬਾਣ ਦਸਾ ਜਬ ਇਹੁ ਗਹੈ, ਨਾਨਕ ਤਬ ਸੁਖ ਹੋਇ । 2

### ਦੋਹਰਾ

ਸੀਵ ਕਲਪਨਾ ਤੇ ਪਰੈ, ਜੀਉ ਕਲਪਨਾ ਮਾਹਿ ।
ਨਾਨਕ ਛੋਡੋ ਕਲਪਨਾ, ਜੀਵ ਸੀਵ ਦੁਇ ਨਾਹਿ । 3
ਰਹਤਿ ਕਲਪਨਾ ਸੋ ਸੁਖੀ, ਦੁਖੀ ਕਲਪਨਾ ਜਾਹਿ ।
ਬ੍ਰਹਮ ਵਿਖੈ ਕਛੁ ਭੇਦ ਨਹ ਬ੍ਰਹਮ ਦੁਹੂੰ ਕੇ ਮਾਹਿ । 4
ਈਸਰ ਸੋ ਸਰਬੱਗ ਹੈ ਜੀਵ ਸੁ ਹੈ ਅਲਪੱਗ ।
ਅਲਪਗ ਸਰਬਗ ਤੇ ਪਰੇ ਬ੍ਰਹਮ ਸੁ ਆਪ ਅਲੱਗ । 5
ਜੀਵਨ ਕੋ ਅਗਿਆਨ ਹੈ ਈਸ਼ੁਰ ਕੋ ਹੈ ਗਯਾਨ ।
ਈਸ਼ੁਰ ਫਲ ਪਰਦਾਇਤੋਂ ਜੀਵ ਭੋਗਤਾ ਜਾਨ । 6
ਗਯਾਨ ਸੁ ਬੇੜੀ **ਹੇਮ** ਕੀ ਲੋਹੇ ਕੀ ਅਗਿਆਨ । ਸੋਨਾ
ਦੋਨੋ ਤੋੜੈ ਪਾਵ ਕੋ ਦੋਨੋ ਦੁਖੀ ਮਹਾਨ । 7
ਦੋਨੋ ਕਾ ਸਮ ਬੋਝ ਹੈ ਦੋਨੋ ਪਾਂਵਹੁ ਮਾਹਿ ।
ਦੋਨੋ ਤੋੜੈ ਪਾਵ ਕੋ ਦੋਨੋ ਕੋ ਸੁਖ ਨਾਹਿ । 8
ਨਨੂ ਹੇਮ ਕਾ ਮੋਲ ਬਹੁ ਬਨੇ ਨ ਇਹੁ ਦ੍ਰਿਸ਼ਟਾਂਤ ।
ਅਲਪ ਲੋਹਿ ਕਾ ਮੋਲ ਹੈ ਕੀਉ ਬਿਕਲ ਪਸੁ ਭ੍ਰਾਂਤਿ । 9

### ਸਲੋਕ

ਬਹੁਰਿ ਸਿਧਾਂਤੀ ਯੋਂ ਕਹਿਯੋ ਭਰਮੀ ਸੁਣੋ ਉਦਾਰੁ ।
ਗਿਆਨ ਕੋ ਝੋਲੀ ਪਾਇ ਕਰਿ ਬੇਚੋ ਜਾਇ ਬਜ਼ਾਰੁ । 10
ਨਿਹਚੈ ਆਤਮਿਕ ਗਿਆਨ ਇਕ ਦੂਸਰਿ ਵਾਚਕਿ ਜਾਨ ।
ਦੋਨੋ ਮੈ ਤੁਮਕੋ ਕਹਿਯੋ ਸੋ ਮੋਹਿ ਕਰੋ ਬਖਾਨ । 11
ਤਬ ਲਗੁ ਕਥੈ ਗਿਆਨ ਸੋ, ਜਬ ਲਗ ਨਿਹਚੈ ਨਾਹਿ ।
ਜਾਨਹੁ ਵਾਚਕਿ ਗਿਆਨ ਇਹੁ, ਬਕਿ ਬਕਿ ਬਕੈ ਸੁ ਤਾਂਹਿ । 12
ਗਿਆਨ ਸੁਨਾਵੈ ਅਉਰ ਕੋ, ਕੋਰੇ ਆਪ **ਪਖਾਨ** । ਪੱਥਰ

ਜਾਨਹੁ ਵਾਚਕਿ ਗਿਆਨ ਇਹੁ, ਬਕਿ ਬਕਿ ਮਰੈ ਸੁਜਾਨ । 13
ਬ੍ਰਹਮ ਗਿਆਨ ਨਹੀਂ ਜਾਨਿਯੋ ਦਯੋ ਧਰਮ ਕੋ ਤਿਆਗ ।
ਤਿਸ ਕੇ ਨਿਕਟ ਨ ਜਾਈਐ ਸੋ ਨਰ ਕਾਲੋ ਨਾਗ । 14
ਬ੍ਰਹਮ ਗਿਆਨ ਕਥ ਬੋ ਕਰੈ ਨਾਨਕ ਧਰਮ ਤਿਆਗ ।
ਰਾਮ ਨਾਮੁ ਜਹ ਹੈ ਨਹੀਂ, ਲਗੋ ਗਿਆਨ ਕੋ ਆਗ । 15
ਕਹਿਯੋ ਸੁ ਵਾਚਕਿ ਗਿਆਨ ਇਹੁ,ਅਬ ਦੂਸਰਿ ਸੁਣਿ ਲੇਹੁ ।
ਨਿਹਚਾ ਆਇ ਤ ਚੁਪ ਰਹੋ, ਨਾਹਿ ਤ ਉਤਰਿ ਦੇਹੁ । 16
ਬ੍ਰਹਮ ਬ੍ਰਹਮ ਬਕਦਾ ਫਿਰੈ, ਨਿਹਚੈ ਜਬ ਹੀ ਹੋਇ ।
ਨਿਹਚੈ ਆਤਮ ਗਿਆਨ ਇਹੁ, ਲਹੈ ਸੁ ਵਿਰਲਾ ਕੋਇ । 17
ਅਹੰ ਬ੍ਰਹਮ ਅਸਮੀ ਕਹੈ, ਸਦਾ ਰੈਨ ਦਿਨੁ ਯਾਦਿ ।
ਕਿਆ ਕਛੁ ਆਗੇ ਅਉਰ ਥਾ, ਕਰੈ ਜੁ ਇਉਂ ਬਕਿਬਾਦਿ । 18
ਅਹੰ ਬ੍ਰਹਮ ਫੁਰਨਾ ਉਠਿਉ ਨਿਰਵਿਕਲਪ ਕੇ ਮਾਹਿ ।
ਫੁਰਨੇ ਤੇ ਸਭ ਜਗ ਭਯੋ ਨਾਮ ਰੂਪ ਸਭ ਤਾਂਹਿ । 19
ਫੁਰਨਾ ਮਾਯਾ ਰੂਪ ਹੈ ਮੂਲਿ ਮਾਯਾ ਕਹੈ ਤਾਂਹਿ ।
ਸੁਧ ਸਬਲਿ ਸੋ ਹ੍ਵੈ ਗਯੋ ਮਿਲਿ ਤ੍ਰੈ ਜੁ ਮਾਯਾ ਮਾਹਿ । 20
ਫੁਰਨਾ ਦੁਖ ਕਾ ਰੂਪ ਹੈ ਫੁਰਨਾ ਜਗ ਕਾ ਮੂਲਿ ।
ਫੁਰਨੇ ਕਰਿ ਜੀਉ ਭਯੋ, ਗਯੋ ਆਪ ਕੋ ਭੂਲਿ । 21
ਅਹੰ ਬ੍ਰਹਮ ਜਬ ਲਗੁ ਕਹੈ ਤਬ ਲਗੁ ਦੁਖ ਕੇ ਮਾਹਿ ।
ਨਿਰ ਬਿਕਲਪ ਬਿਨ ਨਾਨਕਾ, ਸੁਖ ਸੁਪਨੇ ਭੀ ਨਾਹਿ । 22
ਮੁਕਤਿ ਗਿਆਨ ਤੇ ਹੋਤਿ ਹੈ ਬੰਧ ਜਬੈ ਅਗਯਾਨ ।
ਬੰਧ ਮੁਕਤਿ ਦੋਊ ਕਲਪਨਾ ਨਿਰਬਿਕਲਪ ਭਗਵਾਨ । 23
ਜਿਉ ਇਕ ਸਾਮੀ ਸ਼ਾਹਿ ਕੀ ਦੂਸਰਿ ਜਾਮਨਿ ਜਾਨ ।
ਦੋਨੋ ਕੋ ਸੁਖ ਹੈ ਨਹੀ, ਦੇਣਾ ਬੁਰਾ ਮਹਾਨ । 24
ਪ੍ਰਸ਼ਨ ਹੈ ਅਗਿਆਨ ਮੈ, ਉਤਰਿ ਗਿਆਨ ਮਝਾਰ ।
ਪ੍ਰਸ਼ਨ ਉਤਰਿ ਦੋਊ ਤੇ ਨਾਨਕ ਬ੍ਰਹਮ ਸੁ ਪਾਰ । 25
ਨਾਨਕ ਬ੍ਰਹਮ ਸਰੂਪ ਕੇ ਕਹੇ ਪੱਖ ਇਹੁ ਦੋਇ ।
ਉਪਸਮ ਬਿਨਾ ਸੰਕਲਪ ਕੇ, ਪਰਮ ਸੁਖੀ ਨਹੀ ਹੋਇ । 26
ਜੋ ਜੋ ਉਠੇ ਸੰਕਲਪ ਉਰਿ ਸੋ ਸੋ ਕਰੇ ਤਿਆਗ ।
ਨਿਰ ਸੰਕਲਪ ਸੁ ਹੋਇ ਕਰਿ ਰਹੈ ਬ੍ਰਹਮ ਸੋ ਲਾਗ । 27
ਪਰੰ ਬ੍ਰਹਮ ਪਰਮਾਤਮਾ, ਅਲਖ ਨਿਰੰਜਨ ਜੋਇ ।
ਅਉਰ ਚਿਹਨ ਅਬ ਕਹਤਿ ਹੋ, ਨਾਨਕ ਸੁਣਿ ਤੂੰ ਸੋਇ । 28

ਮਧੁਭਾਰ ਛੰਦ

ਪਰਜੁਲਤਿ ਰੂਪ । ਅਦਭੁਤਿ ਅਨੂਪ ।
ਸਸਿ ਕੋਟਿ ਭਾਨ । ਸਮ ਜੋਤਿ ਜਾਨ । 29
ਹਰਿ ਰੰਗ ਗੋਰੁ । ਅਸ ਨਾਹਿ ਹੋਰੁ ।

ਅਸਿ ਰੰਗ ਲਾਲੁ । ਅਦਭੁਤਿ ਬਿਸਾਲੁ । 30
ਜਹ ਦਰਸ ਦੇਇ । ਕਰਿ ਮੁਕਤਿ ਲੇਇ ।
ਗਰ ਫੂਲ ਮਾਲ । ਅਤਿ ਸੋ ਵਿਸਾਲ । 31
ਸਿਰ ਮੁਕਟਿ ਐਨ । ਲਖ **ਭਾਨ** ਗੈਨ ।  ਸੂਰਜ
ਹਰਿ ਮੁਖ ਵਿਸਾਲ । ਦੇਖੇ ਨਿਹਾਲ । 32
ਲਖ ਓਅੰਕਾਰ । ਧੁਨਿ ਮੁਖਿ ਅਪਾਰ ।
ਕੁੰਡਲ ਸੁ ਕਾਨ । ਝਲਕੇ ਮਹਾਨ । 33
ਰਵਿ ਚੰਦ ਨੈਨ । ਨਕ ਪਰਮ ਐਨ ।
ਲਖ ਰਵਿ ਸੁ ਭਾਲੁ । ਭਉਂਹਾਂ ਬਿਸਾਲੁ । 34

### ਚੌਪਈ

ਧ੍ਵਜ ਅੰਕੁਸ ਬੱਜਰ ਪਗ ਰੇਖਾ । ਭਯੋ ਮੁਕਤਿ ਜਿਨ ਇਕ ਚਿੰਨ ਪੇਖਾ ।
ਅਤਿ ਸੁੰਦਰ ਪਗ ਜਾਨੋ ਦੋਊ । ਪਗ ਭੂਖਨਿ ਬਰਿ ਸੁੰਦਰ ਸੋਊ । 35
ਜਬ ਵਹਿ ਪਗ ਕੇ ਭੂਖਨਿ ਬਾਜੇ । ਰਾਗ ਛੱਤੀਸੋ ਨਿਕਸੈਂ ਵਾਜੇ ।
ਛਤੀਹ ਰਾਗ ਅਲਾਪੈ ਸੋਇ । ਸੁਣਿ ਸੁਣਿ ਮਗਨਿ ਭਗਤਿ ਜਨ ਹੋਇ । 36
ਕਮਰਿ ਪਿਤੰਬਰ ਪੀਲਾ ਛਾਜੈ । ਛੁਦਰਿ ਘੰਟਕਾ ਰੁਣ ਝੁਣ ਬਾਜੇ ।
ਜਿਨਕਰਿ ਭਗਤਿਨ ਦੇਵੇ ਮਾਨਾ । ਹਰਿ ਕੇ ਸੁੰਦਰ ਹਾਥ ਸੁਜਾਨਾ । 37
ਕਰਿ ਕੰਕਨ ਭੁਜ ਬਾਜੂਬੰਦਾ । ਦੇਖਤਿ ਭਗਤਿਨ ਹੋਇ ਅਨੰਦਾ ।
ਗਰਿ ਮਾਲਾ ਰਤਨਨ ਕੀ ਸੋਹੈ । ਤੀਨ ਲੋਕ ਜਹ ਦੇਖਤਿ ਮੋਹੈ । 38
ਤਿਨ ਰਤਨੋਂ ਕੀ ਕੀਮਤਿ ਨਾਹਿ । ਪਰਮ ਅਮੋਲਕਿ ਜਾਨਹੁ ਤਾਂਹਿ ।
ਅਉਰ ਚਿੰਨ੍ਹ ਹਰਿ ਕੇ ਸਭ ਜੇਤੇ । ਇਕ ਤੇ ਇਕ ਸੁੰਦਰ ਸਭ ਤੇਤੇ । 39
ਇਕ ਨਖ ਕੀ ਉਪਮਾ ਹੈ ਜੋਊ । ਨਾਨਕ ਕਹੀ ਨ ਜਾਵੈ ਸੋਊ ।
ਸੁੰਦਰ ਚੋਲਾ ਹਰਿ ਗਰਿ ਮਾਹੀ । ਲਖਹੁ **ਤਾੜਤਾ** ਤਹ ਸਮ ਨਾਹੀ । 40 ਬਿਜਲੀ
ਐਸੀ ਝਲਕਿ ਤਾਹਿ ਕੀ ਹਯੈ । ਤਿਸ ਸਮ ਅਉਰ ਨਾਹਿ ਕਾ ਕਹਯੇ ।
ਇਸਤੇ ਅਧਿਕ ਦੁਪੱਟਾ ਜਾਨਹੁ । ਇਸ ਮੇਂ ਭੇਦ ਨ ਰੰਚਕਿ ਮਾਨਹੁ । 41
ਤਿਸਕੀ ਉਪਮਾ ਕਹੀ ਨ ਜਾਈ । ਜਗੈ ਜੋਤਿ ਪਰਬਲਿ ਸੁਖਦਾਈ ।
ਚਮਕਿ ਰੋਮ ਕੀ ਰਵਿ ਕਿਰਣਾਸੀ । ਰੋਮ ਰੋਮ ਜਨੁ ਭਾਨੁ ਨਿਵਾਸੀ । 42

### ਦੋਹਰਾ

ਤਪਤਿ ਹੇਮ ਸਮ ਸੁੰਦਰੰ ਲਖ ਲਖ ਕਰੈ ਸਰੀਰ ।
ਨਖ ਸਿਖ ਲਉ ਤਨ ਸੁੰਦਰੰ, ਚਮਕੈ ਜੋਤਿ ਗਹੀਰ । 43
ਨਖ ਸਿਖ ਲਉ ਹਰਿ ਸੁੰਦਰੰ ਸੁੰਦਰ ਹਰਿ ਸਿਰ ਕੇਸ ।
ਬਸਤਰਿ ਭੂਖਨਿ ਸੁੰਦਰੰ ਸੁੰਦਰ ਹਰਿ ਕਾ ਭੇਸ । 44
ਰੂਪ ਰੰਗ ਹਰਿ ਕੈ ਨਹੀ ਰੇਖ ਭੇਖ ਪੁਨਿ ਨਾਹਿ ।
ਕਹਣੇ ਮਾਤਰਿ ਹਮ ਕਹਯੋ ਸਸੇ ਸੀਂਗ ਵਤਿ ਤਾਂਹਿ । 45

ਸਸੇ ਸਿੰਗ ਨਰ ਸਿੰਗ ਜਿਮ ਕਹਣ ਮਾਤਰਿ ਦੋਇ।
ਰੂਪ ਰੰਗ ਤਿਮ ਹਮ ਕਹਯੋ, ਕਹਣੇ ਮਾਤਰਿ ਸੋਇ। 46
ਬਾਣੀ ਮਨ ਬੁਧਿ ਤੇ ਪਰੈ, ਜੋ ਹਰਿ ਰੂਪ ਅਨੂਪ।
ਨਾਨਕ ਸੋ ਅਬ ਦੇਖ ਤੂੰ ਅਦਿਭੁਤਿ ਤਾਂਹਿ ਸਰੂਪ। 47
ਨਾਨਕ ਸਿਰ ਪਰ ਹਾਥ ਰਖ ਦਿਬ ਦ੍ਰਿਸ਼ਟਿ ਦਈ ਖੋਲ੍ਹ।
ਦਿਬ ਦ੍ਰਿਸ਼ਟਿ ਕੇ ਖੁਲੇ ਤੇ, ਦੇਖਿਉ ਹਰਿ ਸੋ ਕੋਲ। 48

ਸਲੋਕ

ਦਿਬ ਦ੍ਰਿਸ਼ਟਿ ਕੇ ਖੁਲੇ ਸਿਉਂ ਪਾਇਆ ਹਰਿ ਕਰਤਾਰ।
ਨਾਨਕ ਦੁਰਗਾ ਚਰਨਿ ਪਰਿ, ਹੋਏ ਸਦਿ ਬਲਿਹਾਰ। 49
ਸਪਤਿ ਸੁੰਨਿ ਕੋ ਫੋੜ ਕਰਿ ਦ੍ਰਿਸ਼ਟਿ ਗਈ ਅਸਮਾਨ।
ਧਵਜਾ ਉਡੈ ਪਰਿ ਸੁੰਨਿ ਮੈ, ਜਹ ਹਰਿ ਧਾਮ ਮਹਾਨ। 50

ਚੌਪਈ

ਅਦਭੁਤਿ ਰੂਪ ਦੇਖ ਗੁਰ ਸਵਾਮੀ। ਮਗਨ ਭਏ ਗੁਰ ਅੰਤਰਿਜਾਮੀ।
ਅਨਹਦਿ ਸੁਣਿਯੇ ਰੁਣਝੁਣਕਾਰੇ। ਬਜਹਿ ਬਜੰਤਰਿ ਓਅੰਕਾਰੇ। 51
ਬੈਠੇ ਤਖਤਿ ਨਿਰੰਜਨ ਦੇਉ। ਸਕਤੀ ਕਰੈ ਨਿਰੰਤਰਿ ਸੇਉ।
ਨਾਹਿਨ ਸੂੰਨਾ ਰੂਪ ਨ ਰੇਖਾ। ਐਸਾ ਹਰਿ ਸੋ ਨਾਨਕ ਦੇਖਾ। 52
ਦੇਖ ਸਰੂਪ ਹਰੀ ਕਰਤਾਰੇ। ਪੁਨਿ ਗੁਰ ਨਾਨਕ ਬਚਨਿ ਉਚਾਰੇ।
'ਸੁਣ ਦੇਵੀ! ਤੂੰ ਅਲਖ ਭਵਾਨੀ। ਤੁਮਰੀ ਮਹਿਮਾ ਕਿਨੈ ਨ ਜਾਨੀ। 53
ਅਦਭੁਤਿ ਤੁਮਰਾ ਖੇਲੁ ਅਪਾਰੀ। ਕਿਯਾ ਅਸਤੁਤਿ ਹਮ ਕਰੈਂ ਤੁਮਾਰੀ।
ਸਿਵ ਬਿਰੰਚ ਤੁਹਿ ਪਾਰ ਨ ਪਾਂਵਹਿ। ਨੇਤਿ ਨੇਤਿ ਨਿਗਮਾਗਮ ਗਾਵਹਿ। 54
ਸੁਰ ਨਰ ਰਿਖ ਮੁਨਿ ਦੇਵੀ ਦੇਵਾ। ਕਰਹਿ ਨਿਰੰਤਰਿ ਤੁਮਰੀ ਸੇਵਾ।
ਇਕ ਅਬ ਕਿਰਪਾ ਕਰੋ ਬਿਨਾਨੀ। ਹਮ ਤੁਮਰੇ ਪਗ ਪੁਰਿ ਕੁਰਬਾਨੀ। 55

ਦੋਹਰਾ

ਅਬ ਤੁਮ ਸੁੰਨਿ ਅਕਾਰ ਕਾ, ਭੇਦ ਕਹੋ ਸਮਝਾਇ।
ਕਿਤਨਾ ਊਚਾ ਇਹਾਂ ਤੇ ਸੋ ਤੁਮ ਦੇਉ ਬਤਾਇ। 56

ਚੌਪਈ

ਪੁਨਿ ਤੁਮ ਹਰਿ ਕਾ ਪੰਥ ਬਤਾਵਉ। ਐ ਜਗ ਜਨਨੀ ਬਿਲਮੁ ਨ ਲਾਵਉ।
ਜਿਉ ਤੁਮ ਹਰਿ ਕਾ ਰੂਪ ਲਖਾਯੋ। ਸਚੁ ਖੰਡ ਪੁਨਿ ਤੋਹਿ ਦਿਖਾਯੋ। 57
ਤਿਉ ਤੁਮ ਪੰਥ ਬਤਾਵਉ ਮੋਹਿ। ਮਾਤਾ ਸਭ ਕਿਛੁ ਮਾਲੂਮ ਤੋਹਿ।
ਕੇਤਕਿ ਊਚਾ ਸੁੰਨਿ ਅਕਾਰੇ। ਜਹਾਂ ਸੁ ਅਨਹਦਿ ਘੁਰਹਿ ਨਗਾਰੇ। 58
ਕਉਣ ਲੋਕ ਤਹ ਰਹੈਂ ਬਿਨਾਨੀ। ਸੋ ਤੁਮ ਹਮ ਸਿਉਂ ਕਹੋ ਭਵਾਨੀ।
ਸੁਣਿ ਕਰ ਬਚਨਿ ਸੁ ਤਾਂਹਿ ਉਦਾਰੇ। ਸਾਦਰਿ ਧੁਨਿ ਤਿਨ ਬਚਨਿ ਉਚਾਰੇ। 59
ਹਰਿ ਸ਼ਕਤੀ ਵਾਚ–ਬਹੁ ਊਚਾ ਹੈ ਸੁੰਨਿ ਅਕਾਰੀ, ਤਹਿ ਗਨਤੀ ਕਿ ਨਾਹਿ ਸੁਮਾਰੀ।
ਈਹਾਂ ਤੇ ਬਹੁ ਊਚਾ ਭਾਈ। ਤਾਂਕੀ ਗਣਤੀ ਕਿਨੈ ਨ ਪਾਈ। 60

ਬਜਹਿ ਬਜੰਤਰਿ ਸੁੰਨ ਅਕਾਰੇ। ਤਿਨ ਕਾ ਭੀ ਕਛੁ ਨਾਹਿ ਸੁਮਾਰੇ।
ਲਾਖਹੁ ਘੰਟੇ ਤੁਰੀ ਨਿਸ਼ਾਨਾ। ਤਾਲ ਪਖਾਵਜਿ ਝਾਂਝਰਿ ਨਾਨਾ। 61

ਸਲੋਕੁ

ਗੋਮੁਖਿ ਸੁਖਰੀ ਭੇਰ ਕਾ, ਸੰਖਨਿ ਕਾ ਨਹੀਂ ਪਾਰ।
ਧੂੰਗੇ ਅਉਰ ਨਫੀਰੀਆਂ, ਬਾਜਹਿੰ ਬਾਰਹਿ ਬਾਰ। 62

ਦੋਹਰਾ

ਨਉਬਤਿ ਖਾਨਾ ਸੁੰਦਰੰ ਬੀਣਾ ਅਉਰ ਮ੍ਰਿਦੰਗ।
ਤਾਰ ਤਾਂਬੂਰੇ ਸੁੰਦਰੰ ਸੁੰਦਰ ਅਉਰ ਮੁਚੰਗ। 63

ਚੌਪਈ

ਸਬਦਿ ਅਨਹਦਿ ਬਾਜਹਿ ਬਾਜਾ। ਅਨਿਕ ਬੰਸਰੀ ਧਵਨੀ ਅਵਾਜ਼ਾ।
ਬਾਜੇ ਬਾਜਹਿ ਸੁੰਨਿ ਮਝਾਰਾ। ਅਦਭੁਤਿ ਸੁਣਿਯੇ ਰੁਣਝੁਣਕਾਰਾ। 64
ਲਾਖਹੁ ਨਾਦ ਸਰੋਦ ਸੁਨਾਵਹਿ। ਲਾਖਹੁ ਰਾਮਿ ਮਿਲਿ ਨਿਰਤਿ ਕਰਾਵਹਿ।
ਛੱਤੀਹ ਰਾਗੁ ਸੁ ਬੋਲਹਿ ਬਾਨੀ। ਸੁਣਿ ਸੁਣਿ ਰੀਝਹਿ ਹਰਿ ਨਿਰਵਾਨੀ। 65

ਦੋਹਰਾ

ਤਾਹਿ ਸੁੰਨਿ ਕੇ ਸਿਖਰ ਮੈ ਨਉਬਤਿ ਖਾਨਾ ਸੋਇ।
ਘੁਰਹਿ ਅਨਾਹਦਿ ਕੁਦਰਤੀ ਸੁਣਿ ਸੁਣਿ ਖੁਸ਼ੀ ਸੁ ਹੋਇ। 66
ਲਖਹੁ ਦਮਾਮੇ ਝਾਂਝਰਾਂ ਲਖ ਤੁਰਹੀ ਕਰਣਾਇ।
ਬਜਹਿ ਬਜੰਤਰਿ ਕੁਦਰਤੀ ਸੁਣਿ ਸੁਣਿ ਹਰਿ ਬਿਗਸਾਇ। 67
ਸੁੰਨਿ ਅਕਾਰ ਅੰਪਾਰ ਹੈ ਤਿਸੁ ਕਾ ਨਾਹਿ ਸੁਮਾਰ।
ਯਾਹਿ ਕਥਾ ਕੋ ਨਾਨਕਾ ਮਨ ਮੈਂ ਲੇਹੁ ਬਿਚਾਰ। 68
ਸੁੰਨਿ ਸੁੰਨਿ ਪਰਿ ਸੁੰਨਿ ਹੈ, ਸੁੰਨਿ ਸੁੰਨਿ ਪਰਿ ਸੁੰਨਿ।
ਸਪਤਮ ਸੁੰਨਹੁ ਊਪਰੇ ਮਹਾਂ ਸੁੰਨਿ ਨਿਰਗੁੰਨਿ। 69
ਸਰਬ ਸੁੰਨਿ ਕੋ ਕਹੇ ਤੇ ਗ੍ਰੰਥ ਬਹੁਤਿ ਬਧਿ ਜਾਇ।
ਇਸ ਤੇ ਬਰਨਨ ਕੀਉ ਨਾ, ਸਾਰ ਸੁਨਿਹੁ ਮਨ ਲਾਇ। 70
ਸਪਤਿ ਸੁੰਨਿ ਕੇ ਊਪਰੇ, ਮਹਾ ਸੁੰਨਿ ਇਕ ਅਉਰ।
ਕਹੈ ਭਵਾਨੀ ਨਾਨਕਾ ਸੋ ਬਿਖੜੀ ਨਿਜ ਠਉਰ। 71

ਚੌਪਈ

ਸਪਤਿ ਸੁੰਨਿ ਜਬ ਉਤਰੇ ਪਾਰਾ। ਆਗੈ ਮਹਾ ਸੁੰਨਿ ਵਰਤਾਰਾ।
ਮਹਾ ਸੁੰਨ ਮੈਂ ਘੋਰ ਗੁਬਾਰਾ। ਸੋ ਮੁਸ਼ਕਿਲ ਬਿਖੜੀ ਹੈ ਧਾਰਾ। 72
ਤਹ ਲਖੁ ਜੋਜਨਿ ਤਿਮਰ ਅਕਾਰੰ। ਫਿਰਿ ਤਿਸ ਊਪਰਿ ਜੋਤਿ ਅਪਾਰੰ।
ਹਰਿ ਕੀ ਜੋਤਿ ਸੁ ਜਾਨਹੁ ਭਾਈ। ਹਰਿ ਕੀ ਲੀਲ੍ਹਾ ਲਖੀ ਨ ਜਾਈ। 73
ਲਾਖਹੁ ਰਵਿ ਤੇ ਅਧਿਕ ਸੁ ਜੋਤਿ। ਲਖ ਲਖੁ ਕਰੈ ਸੁ ਕਮਿ ਨਹੀ ਹੋਤਿ।
ਲਖੁ ਜੋਜਨ ਜੋਤੀ ਕਾ ਖੇਲੰ। ਜਾਇ ਨ ਸਕੈ ਪਾਰ ਤਹ ਪੇਲੰ। 74

ਦੋਹਰਾ

ਬਿਨਾ ਤੇਲੁ ਜਹ ਦੀਪਕੰ ਧਰਿਆ ਬਾਲ ਅਖਡ।
ਲਖ ਲਖ ਲਾਖ ਲਖੁ ਜੋਜਨੰ, ਕਰਿਹਿ ਸੁ ਜੋਤਿ ਪ੍ਰਚੰਡ। 75

ਹਰਿ ਕੁਦਰਤਿ ਕੀ ਜੋਤਿ ਸੋਇ ਬਿਜਲੀ ਜਿਉਂ ਚਮਕਾਇ ।
ਤਿਸ ਜੋਤੀ ਪਰ ਨਾਨਕਾ ਦ੍ਰਿਸਟਿ ਨ ਬਾਂਧੀ ਜਾਇ । 76
ਪੁਨ ਨਾਨਕ ਤਿਸ ਜੋਤਿ ਕਾ ਬਹੁ ਊਚਾ ਬਿਸਥਾਰ ।
ਗਣਤੀ ਕਰੀ ਨ ਜਾਇ ਸੋ ਦੀਰਘ ਤਾਂਹਿ ਅਕਾਰ । 77

ਸਲੋਕ

ਮਹਾ ਸੁੰਨਿ ਲਗ ਨਾਨਕਾ ਪਹੁੰਚ ਸਕੈ ਨਹੀ ਕੋਇ ।
ਸੁਣ ਕਰਿ ਨਾਨਕ ਨੈ ਕਹਿਯੋ ਰਾਮ ਕਰੇ ਸੁ ਹੋਇ । 78
ਮਹਾ ਸੁੰਨਿ ਕੇ ਘੋਰ ਤੇ ਪਾਰ ਪਰੈ ਜਬ ਕੋਇ ।
ਤਿਸ ਊਪਰਿ ਪੁਨਿ ਜੋਤਿ ਹੈ ਅਤਿਸੈ ਪ੍ਰਬਲ ਸੋਇ । 79

ਚੌਪਈ

ਪ੍ਰਬਲਿ ਜੋਤਿ ਜਬੈ ਲੰਘ ਜਾਇ । ਆਗੈ ਬਾਟ ਸੁਹੇਲੀ ਆਇ ।
ਆਗੈ ਨਿਰਮਲ ਜੋਤਿ ਉਦਾਰੇ । ਉਸ ਜੋਤੀ ਕਾ ਅੰਤ ਨ ਪਾਰੇ । 80
ਅਲਖ ਨਿਰੰਜਨ ਕੀ ਸੋ ਜੋਤਿ । ਬਡੇ ਭਾਗ ਤੇ ਪ੍ਰਾਪਤ ਹੋਤਿ ।
ਤਹਾ ਨਿਰੰਜਨ ਹਰਿ ਅਬਿਨਾਸੀ । ਬੈਠੇ ਤਖਤਿ ਸੁ ਸ੍ਵਪਰਕਾਸੀ । 81
ਲਖੁ ਬ੍ਰਹਮੰਡ ਉਪਾਇ ਖਪਾਵੈ । ਲਖੁ ਅਕਾਸ ਪਤਾਲ ਬਨਾਵੈ ।
ਖੰਡ ਦੀਪ ਕਈ ਲਾਖ ਹਜਾਰੇ । ਗਣਤੀ ਕਰਤਿ ਨ ਆਵਹਿ ਪਾਰੇ । 82
ਖਿਨ ਮੈਂ ਢਾਹਿ ਉਸਾਰੈ ਸੋਇ । ਅਲਖ ਨਿਰੰਜਨ ਸਮ੍ਰਥ ਹੋਇ ।
ਲਾਖਹੁ ਬ੍ਰਹਮੇ ਬਿਸਨ ਮਹੇਸੰ । ਲਾਖਹੁ ਰਵਿਸਸਿ ਦੇਵ ਸੁਰੇਸੰ । 83
ਲਾਖਹੁ ਸੇਸ ਉਰਗ ਉਰਗਾਰੀ । ਖਿਨ ਮਹਿ ਰਚਹਿ ਹਰਿਹਿ ਬਨਵਾਰੀ ।
ਲਖ ਸਿਵ ਜੋਗੀ ਧਰਹਿ ਧਿਆਨਾ । ਇਕ ਤਿਲ ਭਰਿ ਹਰਿ ਮਰਮ ਨ ਜਾਨਾ । 84
ਭਿੰਨ ਭਿੰਨ ਬ੍ਰਹਮੰਡ ਉਪਾਵੈ । ਭਾਂਤਿ ਭਾਂਤਿ ਕੇ ਰੰਗ ਦਿਖਾਵੈ ।
ਨਿਗਮਾਗਮ ਕਾ ਅੰਤ ਨ ਪਾਰਾ । ਖਿਨ ਮੈ ਰਚਿ ਪੁਨਿ ਕਰੈ ਸੰਘਾਰਾ । 85
ਹਰਨ ਭਰਨ ਅੱਖ ਫੁਰਨੈ ਮਾਹਿ । ਤਿਸ ਸਮ ਸਾਮ੍ਰਥ ਕੋਊ ਨਾਹਿ ।
ਕਿਛੁ ਹਰਿ ਭੇਤਿ ਨ ਲਖਿਆ ਜਾਇ । ਜਿਸ ਚਾਹੇ ਤਿਸ ਲਏ ਮਿਲਾਇ । 86
ਤੱਤ ਗਿਆਨੀ ਜੋ ਨਿਜ ਭਗਤਿ । ਬਿਖਿਅਨ ਤੇ ਜੋ ਭਏ ਬਿਰਕਤਿ ।
ਸਬਦਿ ਸਪਰਸ ਰੂਪ ਰੂਪ ਰਸ ਗੰਧਾ । ਇਨ ਬਿਖਿਅਨ ਤੇ ਜਿਨ ਮਨ ਬੰਧਾ । 87
ਮਹੀ ਤੇਜ ਜਲੁ ਪਵਨਿ ਆਕਾਸੰ । ਐਸੀ ਰਹਤਿ ਰਹੈ ਹਰਿ ਪਾਸੰ ।
ਐਸੀ ਭਗਤ ਰਹਹਿ ਹਰਿ ਪਾਸੇ । ਕਰਹਿ ਅਨੰਦ ਸੁ ਭੋਗ ਬਿਲਾਸੇ । 88
ਇਹ ਹਮਨੈ ਕਛੁ ਭੇਦਿ ਸੁਣਾਯੋ । ਤਿਸਕਾ ਪਾਰ ਨ ਕਿਨਹੂੰ ਪਾਯੋ ।
ਕਹੈ ਭਵਾਨੀ ਹਰਿ ਦਰਿ ਖੇਲੇ । ਸੁਣਿਉ ਨਾਨਕ ਤੋਹਿ ਇਕੇਲੇ । 89

ਦੋਹਰਾ

ਅਉਰ ਪਾਸ ਮਤਿ ਕਹੇ ਏ ਸਾਰੁ ਨ ਮਾਨੈ ਕੋਇ ।
ਹਰਿ ਦਰਿ ਕੀ ਇਹੁ ਬਾਰਤਾ ਸੁਣੈ ਪਰਮਗਤਿ ਹੋਇ । 90
ਇਤ ਸ੍ਰੀ ਮਤਿ ਨਾਂਨਕ ਬਿਜੈ ਗ੍ਰੰਥ ਸੁਮੇਰ ਖੰਡੇ
ਅੰਗਦ ਦੇਵ ਵਾਮਦੇਵ ਸੰਬਾਦੇ ਨਾਮ ਸਪਤਦਸਮੋ ਧਿਆਇ । 17 ।

(1061-6੪)

# ਅਧਿਆਤਮਕ ਗਿਆਨ

ਗੁਰੂ ਸਾਹਿਬ, ਰਾਇ ਬੁਲਾਰ ਨੂੰ ਸਮਝਾ ਰਹੇ ਹਨ :—

ਦੋਹਰਾ

ਵਿੱਸ੍ਵ ਬ੍ਰਹਮ ਕੀ ਏਕਤਾ, ਆਹਿ ਦ੍ਵੈਤਿ ਨਹਿੰ ਕਾਇ ।
ਵਿੱਸ੍ਵ ਬ੍ਰਹਮ ਤੇ ਭਿੰਨ ਨਹਿ, ਏਕ ਰੂਪ ਦੁਇ ਸਾਇ ।1

ਚੌਪਈ

ਸਰਬੰ ਖਲੰ ਇਦੰ ਬ੍ਰਹਮ ਏਹੁ । ਯਾਹਿ ਵਿਖੇ ਕਛੁ ਨਹਿ ਸੰਦੇਹੁ ।
ਸੁਰਤੀ ਏਹੁ ਬੇਦ ਕੀ ਜਾਨੋ । ਵਿੱਸ੍ਵ ਬ੍ਰਹਮ ਤੇ ਭਿੰਨ ਨ ਮਾਨੋ ।2
ਇਹੁ ਸੁਰਤੀ ਤਿਨ ਕਰੀ ਬਖਾਨਾ । ਜਗਤਿ ਬ੍ਰਹਮ ਕੀਉ ਸਿੱਧ ਮਹਾਨਾ ।
ਇਉਂ ਤਿਨ ਆਪ ਕੀਉ ਨਿਰਧਾਰੇ । ਸੁਣਿ ਗੁਰੂ ਨਾਨਕ ਵਾਕ ਉਚਾਰੇ ।3

ਗੁਰ ਨਾਨਕੋ ਵਾਚ

ਇਹੁ ਸਭਿ ਵਿੱਸ੍ਵ ਬ੍ਰਹਮ ਹੀ ਹਯੈ । ਬ੍ਰਹਮ ਤੇ ਭਿੰਨ ਵਿੱਸ੍ਵ ਨਹਿ ਕਹਯੈ ।
ਤਉ ਇਸ ਵਿੱਸ੍ਵ ਵਿਖੈ ਮਨ ਲਾਇ । ਸਹਜਿ ਹੀ ਮੁਕਤਿ ਜੀਵ ਇਹੁ ਪਾਇ ।4
ਬਿਖਿਅਨ ਮਾਹਿ ਜੁ ਮੁਕਤੀ ਲਹਯੈ । ਕਾਹੇ ਕੋ ਤਬ ਸਾਧਨਿ ਚਹਯੈ ।
ਸਮ ਦਮ ਆਦਿਕ ਸਾਧਨ ਜੋਏ । ਕਹੋ ਬੇਦ ਸੋ ਬਿਰਥੇ ਹੋਏ ।5
ਰਾਜ ਤਿਆਗ ਜੁ ਜਪੁ ਤਪੁ ਕਰੈ । ਕਾਹੈ ਕੋ ਸੋ ਖਪਿ ਖਪਿ ਮਰੈ ।
ਬਿਖਿਅਨ ਮਾਹਿ ਮੁਕਤਿ ਜੋ ਹੋਇ । ਕਾਹੇ ਰਾਜ ਤਿਆਗੇ ਸੋਇ ।6
ਸ਼ਾਸਤ੍ਰ ਬੇਦ ਪੁਰਾਨ ਸੁ ਜੇਤੇ । ਮਿਥਿਆ ਹੋਇ ਤਾਂਹਿ ਸਭਿ ਤੇਤੇ ।
ਜੱਗਯ ਹੋਮ ਬਰਤਾਦਿਕ ਜੋਇ । ਕਹੈ ਬੇਦ ਸੋ ਮਿਥਿਆ ਹੋਇ ।7

ਸਲੋਕ

ਜੀਉ ਮੁਕਤਿ ਭਏ ਚਾਹੀਐ ਬਿਨੁ ਹੀ ਸਾਧਨ ਏਹੁ ।
ਸਾਧਨ ਬਿਨ ਨਹਿ ਹੋਤ ਹੈ ਦੇਖ ਬਿਚਾਰ ਸੁ ਲੇਹੁ ।8

ਦੋਹਰਾ

ਸੁਰਤੀ ਤੁਮਨੇ ਜੋ ਕਰੀ, ਮੋ ਪ੍ਰਤਿ ਆਪ ਬਖਾਨ ।
ਕਯਾ ਸੁ ਬੇਦ ਮੈਂ ਉਹੀ ਹੈ, ਅਊਰ ਨ ਕੋਇ ਮਹਾਨ ।9

ਚੌਪਈ

ਜਿਉ ਤੈਂ ਸੁਰਤੀ ਕਰੀ ਬਖਾਨਾ । ਤਿਉ ਹਮ ਭੀ ਤੁਹਿ ਕਹੈ ਮਹਾਨਾ ।
'ਏਕਮੇਵਾਦੁਤੀਯ ਬ੍ਰਹਮ ।' ਇਹੁ ਸੁਰਤੀ ਨਹ ਰਾਖੈ ਭਰਮ ।10

ਨਿਖਲ ਭਰਮ ਇਹੁ ਦਏ ਉਡਾਈ। ਇਸ ਕਾ ਅਰਥ ਸੁਨੌ ਮਨ ਲਾਈ।
'ਏਕ ਅਦੁਤੀ ਬ੍ਰਹਮ ਹੈ ਜਾਨਾ।' ਇਹੁ ਸੁਰਤੀ ਇਉਂ ਕਰੈ ਬਖਾਨਾ।11
ਸੁਰਤੀ ਅਉਰ ਸੁਨੌ ਮਨ ਲਾਇ। ਜਾਹਿ ਸੁਣੇ ਸੰਦੇਹੁ ਮਿਟਾਇ।
'ਸਤਯੰ ਗਯਾਨਮਨੰਤੰ ਬ੍ਰਹਮ।' ਇਹੁ ਭੀ ਸੁਰਤੀ ਮੇਟੈ ਭਰਮ।12
ਭਾਵ ਅਰਥ ਇਸ ਕਾ ਅਬ ਕਹੌਂ। ਤੁਮਰੇ ਮਨ ਕਾ ਸ਼ੰਸਾ ਦਹੌਂ।
ਸੱਤਾ ਮਾਤਰ ਰੂਪ ਮਹਾਨਾ। ਅਨੰਤ ਬ੍ਰਹਮ ਇਉਂ ਕਰੈ ਬਖਾਨਾ।13
ਪੁਨਹਿ 'ਪ੍ਰਗਯਾਨੰਦ ਮਯ: ਪੁਰਸ:।' ਪੁਨਿ ਇਸ ਕਾ ਅਬ ਸੁਨਿ ਤੂੰ ਉਰਸ:।
ਪ੍ਰਤੱਛ ਆਨੰਦ ਸਰੂਪ ਸੁ ਪੁਰਸਾ। ਤਹ ਦੁਖ ਰੂਪ ਨ ਮਾਯਾ ਉਰਸਾ।14
ਮਾਯਾ ਦੁਖ ਰੂਪ ਸੋ ਹੈ ਯੇ। ਨਾਹਿ ਸੱਤਯ ਪੁਨਿ ਜੜ ਸੋ ਕਹੀਯੇ।
ਜੜਿ ਚੇਤਨ ਕਾ ਨਾਹੀ ਮੇਲਿ। ਭਯੋ ਸਿਧਾਂਤਿ ਸੁ ਏਹੁ ਅਪੇਲਿ।15
ਸਰਬ ਬ੍ਰਹਮ ਇਉਂ ਸੁਰਤਿ ਬਖਾਨੇ। ਕਯਾ ਸੁਰਤੀ ਇਹੁ ਮਿਥਿਆ ਭਾਨੇ?
ਇਉਂ ਤਿਨ ਸ਼ੰਕਾ ਕਰੀ ਬਨਾਇ। ਸੁਨਿ ਬੋਲੇ ਪੁਨਿ ਸ੍ਰੀ ਗੁਰ ਰਾਇ।16

### ਸ੍ਰੀ ਗੁਰ ਨਾਨਕੋ ਵਾਚ

ਐਸਾ ਕਉਨ ਜੁ ਤਾਂਹਿ ਨ ਮਾਨੇ। ਇਉ ਗੁਰ ਨਾਨਕ ਬਚਨਿ ਬਖਾਨੇ।
ਸੁਰਤੀ ਕਾ ਅਭਿਪਰਾਯ ਜੋਇ। ਤੁਮ ਸੋ ਕਹੌਂ ਸੁਣੋ ਅਬ ਸੋਇ।17
ਗੂੜ੍ਹ ਅਰਥ ਸੁਰਤੀ ਕਾ ਹਯੇ। ਅਰਥ ਕਰੇ ਬਿਨ ਨਾਹਿਨ ਲਹਯੇ।
ਸੁਰਤੀ ਕਲਪਤਿ ਵਿਸ੍ਵ ਬਖਾਨੇ। ਬ੍ਰਹਮ ਆਸਰੇ ਤਾਹਿ ਸੁ ਮਾਨੇ।18
ਕਲਪਤਿ ਵਸਤੂ ਜਗ ਮੈ ਜੋਈ। ਅਧਿਸਟਾਨ ਬਿਨ ਸਿਧ ਨ ਹੋਈ।
ਕਲਪਿਤ ਵਿਸ੍ਵ ਸੁਰਤਿ ਬਖਾਨੇ। ਕਨਿਕ ਕੁੰਡਲਿ ਵਤਿ ਨਾਹਿ ਸੁ ਮਾਨੇ।19
ਅਹਿ ਰਸਰੀ ਵਤਿ ਸ੍ਰੁਤਿ ਬਤਾਵੈ। ਰਜਤਿ ਸੀਪ ਜਿਉਂ ਤਾਂਹਿ ਲਖਾਵੈ।
ਕਲਪਤਿ **ਰਜਤਿ** ਸਰਪ ਹੈ ਜੋਈ। ਅਧਿਸ਼ਟਾਨ ਬਿਨੁ ਸਿੱਧ ਨ ਹੋਈ।20 ਚਾਂਦੀ
ਤੈਸੇ ਕਲਪਿਤ ਵਿਸ੍ਵ ਇਹੁ ਜੋਇ। ਬ੍ਰਹਮ ਬਿਨਾ ਸੋ ਸਿੱਧ ਨ ਹੋਇ।
ਸਿੱਪੀ ਮੈਂ ਰੁੱਪਾ ਹੈ ਜੋਊ। ਆਹਿ ਕਲਪਨਾ ਮਾਤਰਿ ਸੋਊ।21
ਸਿਪੀ ਕਾ ਜਬ ਹੋਇ ਗਿਆਨ। ਪੁਨਿ ਰਸਰੀ ਕਾ ਤੈਸੇ ਜਾਨ।
ਰੁੱਪਾ ਸਰਪ ਭਾਸਿਯੋ ਜੋਇ। ਤਿਸਹੀ ਮਾਹਿ ਲੀਨ ਪੁਨਿ ਹੋਇ।22
ਤੈਸੇ ਸਗਲ ਵਿਸ੍ਵ ਇਹੁ ਜੋਇ। ਬ੍ਰਹਮ ਮਾਹਿ ਨਹਿ ਬਾਦੀ ਜੋਇ।
ਜਿਸ ਮੈਂ ਫੁਰੀ ਤਹਾਂ ਵੈਂਲੀਨਾ। ਰਸਰੀ ਸਰਪ ਨਿਆਇ ਇਮ ਚੀਨਾ।23
ਇਸ ਤੇ ਨਾਮ ਰੂਪ ਇਹੁ ਜੋਇ। ਪਾਰਬ੍ਰਹਮ ਮੈ ਕਲਪਤਿ ਸੋਇ।
ਕਲਪਤਿ ਆਹਿ ਰਸਰੀ ਕੇ ਮਾਹਿ। ਤੀਨ ਕਾਲ ਸੋਊ ਹਯੇ ਨਾਹਿ।24
ਰਜੁ ਮੈ ਸਰਪ ਭਰਮ ਕਰਿ ਭਾਸੇ। ਅਧਿਸ਼ਟਾਨ ਗਯਾਨ ਤੇ ਨਾਸੇ।
ਅਧਿਸ਼ਟਾਨ ਮਾਂਹਿ ਸੋ ਨਾਹਿ। ਤਿਉ ਇਹੁ ਵਿਸ੍ਵ ਬ੍ਰਹਮ ਕੇ ਮਾਹਿ।25

### ਦੋਹਰਾ

ਹੋਇ ਬ੍ਰਹਮ ਕਾ ਗਯਾਨ ਜਬ, ਤਬ ਨਹਿ ਵਿਸ੍ਵ ਰਹਾਇ।
ਜੈਸੇ ਰਸਰੀ ਗਯਾਨ ਤੇ, ਸਰਪ ਭਾਵ ਮਿਟਿ ਜਾਇ।26

ਬ੍ਰਹਮ ਬਿਨਾ ਇਹੁ ਵਿਸ੍ਵ ਸਭਿ, ਕਲਪਤਿ ਸਿੱਧ ਨ ਹੋਇ ।
ਇਸ ਤੇ ਬ੍ਰਹਮ ਸਰੂਪ ਇਹੁ, ਕਹੀ ਬੇਦ ਨੇ ਸੋਇ ।27
ਪਰ ਸੋ ਬ੍ਰਹਮ ਅਦ੍ਵੈਤਿ ਹੈ, ਨਾਹਿ ਦ੍ਵੈਤਿ ਤਿਸ ਮਾਹਿ ।
ਏਕ ਬ੍ਰਹਮ ਕੀਉ ਸਿਧ ਗੁਰ, ਇਸ ਮੈਂ ਸੰਸਾ ਨਾਹਿ ।28
ਬ੍ਰਹਮ ਮਾਹਿ ਕਛੂ ਦ੍ਵੈਤਿ ਨਹਿ, ਦ੍ਵੈਤਿ ਕਲਪਨਾ ਮਾਹਿ ।
ਬ੍ਰਹਮ ਆਪ ਅਦ੍ਵੈਤਿ ਹੈ, ਇਸ ਮੈਂ ਸੰਸਾ ਨਾਹਿ ।29

ਇਤੀ ਸਿਧਾਂਤ

ਇਤਿ ਸ੍ਰੀ ਮਤਿ ਨਾਨਕ ਬਿਜੈ ਗ੍ਰੰਥੇ ਰਾਮੇਸੁਰਖੰਡੇ
ਅੰਗਦ ਵਾਮਦੇਵੇ ਸੰਬਾਦੇ ਨਾਮ ਸਪਤਿਦਸਮੋ ਧਿਆਇ ।
ਪੂਰਬ ਪੱਖੀ ਵਾਚ ਨਨੂ—

ਚੌਪਈ

ਏਕ ਵਿਸ੍ਵ ਏਕ ਵਿਸ੍ਵ ਵਾਲਾ । ਐਸੇ ਕਿਉਂ ਨਹਿ ਸਮਝੈ ਦਯਾਲਾ ।
ਕਨਿਕ ਕੁੰਡਲ ਵਤਿ ਬ੍ਰਹਮ ਪਛਾਨੈ ।1 ਕਨਿਕ ਬ੍ਰਹਮ ਕੁੰਡਲ ਵਿਸ੍ਵ ਮਾਨੈ ।

ਸ੍ਰੀ ਗੁਰੋਵਾਚ ।

ਏਕ ਵਿਸ੍ਵ ਏਕ ਵਿਸ੍ਵ ਵਾਲਾ । ਐਸੇ ਤੁਮ ਨੇ ਕਹਯੋ ਦਿਆਲਾ ।
ਏਤੋ ਦੁਊ ਭਿੰਨ ਭਯੇ ਐਸੇ । ਇਕ ਰਾਜਾ ਇਕ ਪਰਜਾ ਜੈਸੇ ।2
ਕਨਿਕ ਕੁੰਡਲ ਵਤਿ ਪੁਨਿ ਤੇ ਕਹਯੋ । ਇਹੁ ਭੀ ਵਾਕ ਜਥਾਰਥ ਨ ਹਯੋ ।
ਇਹੁ ਭੀ ਬਿਰਥਾ ਬਚਨਿ ਤੁਮਾਰੈਂ । ਅਬ ਇਸ ਕਾ ਤੁਮ ਸੁਨੋ ਬਿਚਾਰੈਂ ।
ਕਨਿਕ ਕੁੰਡਲ ਵਤਿ ਮਾਨੈ ਜਬੈ । ਬ੍ਰਹਮ ਮਾਹਿ ਦੂਖਣਿ ਆਇ ਤਬੈ ।3
ਕਾਰਣਕਾਰਜ ਭਾਵ ਸੁ ਜੋਊ । ਬ੍ਰਹਮ ਮਾਹਿ ਆਇ ਤਬ ਸੋਊ ।4।
ਕਨਿਕ ਸੁ ਕਾਰਣ ਕੁੰਡਲ ਕਾਰਜ । ਬ੍ਰਹਮ ਮਾਹਿ ਇਹੁ ਬਨੇ ਨ ਆਰਜ ।
ਕਲਪਤਿ ਵਿਸ੍ਵ ਬ੍ਰਹਮ ਕੇ ਮਾਹੀ । ਕਾਰਣ ਕਾਰਜ ਬਨੈ ਸੁ ਨਾਹੀ ।
ਰਜੁ ਸਰਪ ਨਿਆਇ ਵਤਿ ਜਾਨਾ । ਕਲਪਤਿ ਵਿੱਸ੍ਵ ਸੁ ਆਹਿ ਮਹਾਨਾ ।
ਸੁਕਤਿ ਰਜਤਿ ਵਤਿ ਪੁਨਿ ਪਹਿਚਾਨੋ । ਕਾਰਣ ਕਾਰਜ ਨਾਹਿ ਨ ਮਾਨੋ ।6।
ਸੁਪਨਿ ਸ੍ਰਿਸਟਿ ਵਤਿ ਤਾਂਕੋ ਜਾਨਾ । ਕਲਪਨਾ ਮਾਤ੍ਰ ਤਾਂਹਿ ਪਛਾਨਾ ।
ਮਨ ਕੇ ਫੁਰਨੇ ਤੇ ਇਹੁ ਭਈ । ਇਸ ਕਾ ਕਾਰਣੁ ਮਨ ਇਹੁ ਹਈ ।
ਬ੍ਰਹਮ ਮਾਹਿ ਮਨ ਹੀ ਨਹਿ ਸੋਇ । ਤਉ ਇਹੁ ਵਿੱਸ੍ਵ ਕਹਾਂ ਤੇ ਹੋਇ ।
ਕਾਰਣ ਕਾਰਜ ਦੁਹੀ ਸੁ ਡਾਰਾ । ਆਤਮ ਮਾਹਿ ਨ ਬਨੈ ਉਦਾਰਾ ।7।

ਦੋਹਰਾ

ਮਾਯਾ ਕਲਪਿਤ ਬ੍ਰਹਮ ਮੈਂ ਕਲਪਿਤ ਵਿੱਸ੍ਵ ਸੁ ਜਾਨ ।
ਕਾਰਣ ਕਾਰਜ ਦੁਊ ਕਾ, **ਅਧਿਸਟਾਨ** ਸੁ ਮਾਨ ।8। ਆਸਰਾ

ਵਾਦੀ ਵਾਚ ਚੌਪਈ

ਮਾਯਾ ਸਕਤਿ ਬ੍ਰਹਮ ਕੀ ਹਯੈ । ਬ੍ਰਹਮ ਤੇ ਭਿੰਨ ਨਾਹਿ ਸੋ ਪਯੈ ।
ਅਗਨਿ ਉਸਨਿ ਵਤਿ ਤਾਂ ਕੋ ਜਾਨੋ । ਪੁਨਿ ਪ੍ਰਕਾਸ ਵਤਿ ਤਾਂਹਿ ਪਛਾਨੋ ।9।
ਉਸਨਿਤ ਅ੍ਰ ਪਰਕਾਸ਼ ਸੁਜਾਨਾ । ਨਾਹਿ ਅਗਨਿ ਤੇ ਭਿੰਨ ਮਹਾਨਾ ।
ਸਤਿਗੁਰ ਕਹਯੋ ਨ ਐਸੇ ਕੋਇ । ਉਸਨਤਿ ਬਾਹਰ ਮਾਲੂਮ ਹੋਇ । 10।

ਦੋਹਰਾ

ਅਗਨੀ ਗਈ ਤੇ ਉਸਨਤਾ ਰਹੈ ਸੁਜਾਨ ਸੁ ਜਾਨ।
ਕਾਰਣ ਕਾਰਜ ਭਾਉ ਸੋ, ਆਵੈ ਜਾਨ ਮਹਾਨ ।11।
ਅਗਨੀ ਕਾਠ ਜਰਾਇ ਕਰਿ, ਸ਼ਾਂਤਿ ਹੋਇ ਸੋ ਜਾਨ।
ਰਹੈ ਉਸਨਤਾ ਰਾਖ ਮੈਂ, ਕਾਰਜ ਤਾਹਿ ਮਹਾਨ।12।

ਚੌਪਈ

ਸਕਤੀ ਬ੍ਰਹਮ ਮਾਹਿ ਜੋ ਮਾਨੀ। ਬਾਹਰਿ ਨਾਹਿ ਸੁ ਦਿਸੈ ਬਿਨਾਨੀ।
ਦਿਸੈ ਉਪਾਧਿ ਭੇਦ ਤੇ ਸੋਇ । ਬਿਨਾ ਉਪਾਧਿ ਨ ਮਾਲੁਮ ਹੋਇ ।13
ਅਗਨੀ ਮਾਹਿ ਉਸਨਿਤਾ ਜੋਇ। ਪਰਗਟਿ ਦੀਸੈ ਤਿਸ ਮੈਂ ਸੋਇ।
ਇਸ ਮੈਂ ਫੇਰਿ ਨ ਰੰਚਕਿ ਮਾਨਾ। ਦੇਖਹੁ ਆਪ ਬਿਚਾਰ ਮਹਾਨਾ ।14.
ਤੈਸੇ ਸਕਤਿ ਬ੍ਰਹਮ ਕੇ ਮਾਹਿ। ਬਿਨੁ ਉਪਾਧਿ ਮਾਲੁਮ ਹੈ ਨਾਹਿ।
'ਏਕੋਹੁੰ ਬਹੁਸਿਆਮਿ' ਮਹਾਨਾ। ਫੁਰਨੇ ਤੇ ਮਾਲੁਮ ਹੈ ਜਾਨਾ ।15।
ਯੌਂ ਫੁਰਨਾ ਫੁਰਿਯੋ ਉਰ ਮਾਹਿ। ਏਕ ਕਹੁ ਬਹੁਤਿ ਹੁਵੋਂ ਮੈਂ ਤਾਂਹਿ।
ਤਿਸ ਫੁਰਨੇ ਕੋ ਮਾਯਾ ਕਹਯੈ। ਤਿਸਤੇ ਏਹੁ ਵਿਸ਼ਵ ਸਭਿ ਪਯੈ ।16।

ਨਨੂ

ਬ੍ਰਹਮ ਏਕੁ ਰਸ ਆਹਿ ਮਹਾਨਾ। ਬ੍ਰਹਮ ਮਾਹਿ ਮਨ ਨਾਹਿ ਸੁਜਾਨਾ।
ਮਨ ਬਿਨੁ ਫੁਰਿਨਾ ਨਾਹਿ ਸੁ ਹੋਇ। ਪੁਨਿ ਤਨੁ ਬਿਨੁ ਮਨ ਹੋਇ ਨ ਸੋਇ।17।

ਸਲੋਕ

ਬ੍ਰਹਮ ਮਾਹਿ ਨਹਿ ਦੇਹਿ ਇਹੁ, ਪੰਚ ਤੱਤ ਕੀ ਜੋਇ।
ਬ੍ਰਹਮ ਤੁ ਆਪ ਬਿਦੇਹਿ ਹੈ, ਅਬਿਨਾਸੀ ਇਕ ਸੋਇ ।18।

ਚੌਪਈ

ਤਨੁ ਮਨ ਨਾਹਿ ਬ੍ਰਹਮ ਕੇ ਮਾਹਿ। ਮਨ ਬਿਨੁ ਫੁਰਨਾ ਹੋਵੈ ਨਾਹਿ।
ਕੈਸੇ ਫੁਰਨਾ ਤਾਂ ਕੋ ਭਯੋ । ਇਹੁ ਹਮਰੇ ਮਨ ਸੰਸਾ ਹਯੋ ।19।
ਫੁਰਨੇ ਤੇ ਪਰਪੰਚ ਇਹੁ, ਖੜਾ ਭਯਾ ਸਭਿ ਜਾਨ।
ਫੁਰਨੇ ਮਾਤਰਿ ਜਾਨ ਸਭਿ, ਸਾਚੋ ਨਾਹਿ ਪਛਾਨ ।21।

ਚੌਪਈ

ਨਾਮ ਰੂਪ ਜੇਤਾ ਇਹੁ ਜਾਨਾ। ਮ੍ਰਿਗਤ੍ਰਿਸਨਾ ਜਲੁ ਵਤਿ ਪਹਿਚਾਨਾ।
ਨਾਮ ਰੂਪ ਇਹੁ ਜੜ ਸਭਿ ਜਾਨੋ। ਚੇਤਨ ਬ੍ਰਹਮ ਸੁ ਤਾਂਹਿ ਪਛਾਨੋ ।22।
ਨਨੂ ਬ੍ਰਹਮ ਕਾ ਫੁਰਨਾ ਜੋਇ। ਅਹੋ ਅਸੱਤਿ ਕਿ ਸਤਿ ਹੈ ਸੋਇ।
ਫੁਰਨਾ ਕਹੋ ਸੱਤਿ ਤੁਮ ਜਬੈ। ਸਤਿ ਜਗਤਿ ਇਹ ਚਹੀਯੇ ਤਬੈ ।23।
ਪੁਨਿ ਚੇਤਨਿ ਭੀ ਚਹੀਐ ਏਹੁ। ਤੁਮ ਜੜਿ ਭਾਖਿਉ ਕਰੁਣਾ ਗੇਹੁ।
ਜੋ ਅਸਤਿ ਮੁਹਿ ਕਰੋ ਬਖਾਨਾ। ਇਹੁ ਸਭਿ ਦੂਖਨਿ ਮਨ ਮੈਂ ਜਾਨਾ ।24।
ਤਉ ਪਰਪੰਚ ਭਯੋ ਜੜਿ ਏਹੁ। ਯਾਹਿ ਵਿਖੇ ਕਛੁ ਨਾਹਿ ਸੰਦੇਹੁ।
ਪਰ ਇਕ ਸੰਸਾ ਮਨ ਮੈਂ ਰਹਯੋ। ਚੇਤਨ ਬ੍ਰਹਮ ਆਪ ਤੁਹਿ ਕਹਯੋ ।25।

ਚੇਤਨ ਤੇ ਜੜਿ ਉਤਿਪਤਿ ਹੋਇ । ਇਹੁ ਤੋਂ ਬਾਤ ਬਨੈ ਨਹੀ ਕੋਇ ।
ਜੜਿ ਤੇ ਚੇਤਨ ਉਤਿਪਤਿ ਹੋਈ । ਇਹੁ ਭੀ ਬਾਤ ਬਨੈ ਨਹਿ ਕੋਈ ।26।
ਚੇਤਨ ਤੇ ਜੜਿ ਉਤਿਪਤਿ ਹੋਇ । ਦੇ ਦ੍ਰਿਸ਼ਟਾਂਤ ਕਹੋ ਮਮ ਸੋਇ ।
ਏਕ ਬਿਕਲਪ ਅਉਰ ਪੁਨਿ ਹਯੈ । ਤਿਸਕਾ ਭੀ ਮੁਹਿ ਉਤਰ ਕਹਯੈ ।27।

ਦੋਹਰਾ

ਵਹਿ ਫੁਰਨਾ ਤੋ ਏਕ ਹੈ, ਸ੍ਰਿਸ਼ਟਿ ਬਹੁਤਿ ਪਰਕਾਰੁ ।
ਥਾਵਰ ਜੰਗਮ ਅਨਿਕ ਬਿਧਿ, ਤਾਂ ਕਾ ਨਾਹਿ ਸੁਮਾਰੁ ।28।

ਚੌਪਈ

ਉੱਤਮ ਮਧਜਮ ਮੰਦ ਕਨਿਸਟੀ । ਬਹੁਤਿ ਭਾਂਤਿ ਕੀ ਹਯੈ ਸ੍ਰਿਸਟੀ ।
ਦੇਵ ਮਨੁੱਖ ਅਸੁਰ ਪੁਨਿ ਕਾਗਾ । ਪੰਖੀ ਸਰਪ ਬਿਰਖ ਪੁਨਿ ਨਾਗਾ ।29।
ਚਤੁਰਿ ਖਾਨ ਕੇ ਜੀਵ ਸੁ ਜਾਨਾ । ਬਿਧਿ ਪ੍ਰਕਾਰ ਕੇ ਆਹਿ ਮਹਾਨਾ ।
ਯੌਂ ਪ੍ਰਸਨ ਕਹਿਯੋ ਤਿਨ ਜਬੈ । ਉਤਰ ਕਹਿਯੋ ਬਹੁਰਿ ਗੁਰ ਤਬੈ ।30।

ਸ੍ਰੀ ਗੁਰੋ ਵਾਚ

ਅਨਿਰਵਾਚ ਸੋ ਫੁਰਨਾ ਹਯੈ । ਸੱਤ ਅੱਸਤਿ ਰਹਿਤ ਸੋ ਕਹਯੇ ।
ਰਤਨ ਕ੍ਰਾਂਤਿ ਵਤਿ ਤਾਂਕੋ ਜਾਨਾ । ਹੈ ਨਾਹੀ ਕੇ ਮੱਧ ਪਛਾਨਾ ।31।
ਚੇਤਨ ਤੇ ਜੜਿ ਉਤਿਪਤਿ ਹੋਇ । ਦੇ ਦ੍ਰਿਸਤਾਂਤਿ ਕਹੋ ਅਬ ਸੋਇ ।
ਤੇਰੇ ਤਨੁ ਮੈਂ ਤੋਹਿ ਜਨਾਂਓ । ਤੇਰੈ ਮਨ ਕਾ ਭਰਮ ਮਿਟਾਂਊਂ ।32।
ਕਰਿ ਕੀ ਅੰਗੁਰੀ ਚੇਤਨ ਜੋਇ । ਤਿਨ ਤੇ ਨਖ ਜੜਿ ਉਤਿਪਤਿ ਹੋਇ ।
ਯਾਹਿ ਵਿਖੇ ਕਛੁ ਸੰਸਾ ਨਾਹਿ । ਦੇਖ ਲੇਹੁ ਤੁਮ ਨਿਜ ਕਰ ਮਾਹਿ ।33।
ਤਿਮ ਚੇਤਨ ਤੇ ਇਹੁ ਪਰਪੰਚਾ । ਉਤਿਪਤਿ ਹੈ ਜੜਿ ਭਰਮ ਨ ਰੰਚਾ ।
ਪੁਨਿ ਜੜਿ ਤੇ ਚੇਤਨ ਤੁਹਿ ਕਹੋ । ਤੇਰੇ ਮਨ ਕਾ ਸੰਸਾ ਦਹੋਂ ।34।
ਜੜਿ ਗੋਬਰਿ ਹਯੈ ਏ ਜੋਇ । ਤਿਸਤੇ ਜੀਵਹੁ ਉਤਪਤਿ ਹੋਇ ।
ਚੇਤਨ ਜੀਵ ਤਾਹਿ ਪਹਿਚਾਨਾ । ਗੋਬਰਿ ਸੋ ਜੜਿ ਦੇਖਿ ਮਹਾਨਾ ।35।
ਦੋਇ ਪ੍ਰਸ਼ਨਿ ਕਾ ਭਯੋ ਉਧਾਰ । ਅਬ ਤੀਜੇ ਕਾ ਸੁਣੋ ਬਿਚਾਰ ॥
ਦੇ ਦ੍ਰਿਸ਼ਟਾਂਤਿ ਸੁ ਤੋਹਿ ਬਤਾਊਂ । ਤੇਰੇ ਮਨ ਕਾ ਭਰਮ ਮਿਟਾਊ ॥36॥
ਅਨਿਰਵਾਚ ਫੁਰਨਾ ਜੋ ਹਯੇ । ਸ਼ਕਤਿ ਅਨੇਕ ਤਾਹਿ ਮਹਿ ਪਯੇ ॥
ਸਕਤਿ ਅਨੇਕ ਤਾਂਹਿ ਕੇ ਮਾਹਿ । ਯਾਹਿ ਵਿਖੇ ਕਛੁ ਸੰਸਾ ਨਾਹਿ ॥37॥

ਲੀਲਾਵਤੀ ਛੰਦ

ਮੋਰ ਕੇ ਅੰਡ ਮੈਂ ਰੰਗ ਜੈਸੇ ਤੈਸੇ ਹੀ ਤੁਮ ਤਾਹਿ ਲਖੋ ॥
ਅਨਿਕ ਪਰਕਾਰ ਕੀ ਸ੍ਰਿਸਟੀ ਤਿਸ ਮੈ ਸ੍ਵੇਤ ਪੀਤ ਰੰਗ ਵਖ ਵਖੋ ॥
ਸਭਿ ਫੁਰਨੇ ਮਾਹੀ ਉਤਪਤਿ ਪਰਲੈ ਪਾਲਨ ਭੀ ਤਿਸ ਮਾਹਿ ਅਹੇ ॥
ਸੁਨਿ ਯਾਹਿ ਵਿਖੇ ਨਹਿ ਸੰਸਾ ਕੋਈ, ਐਸੇ ਸਤਿਗੁਰ ਵਾਕ ਕਹੇ ॥ 38 ॥

ਦੋਹਰਾ

ਫੁਰਨੇ ਹੀ ਕੇ ਆਸਰੇ ਇਹੁ ਪਰਪੰਚ ਸੁਜਾਨ ॥
ਬ੍ਰਹਮ ਮਾਹਿ ਇਹ ਸਤਿ ਨਹਿ, ਕਲਪਤਿ ਤਾਂਹਿ ਪਛਾਨ ॥ 39 ॥

### ਚੌਪਈ

ਫੁਰਨਾ ਲੀਨ ਹੋਇ ਜਬਿ ਜਾਇ। ਤਬ ਪ੍ਰਪੰਚ ਇਹ ਨਾਹਿ ਰਹਾਇ।
ਇਸ ਪਰ ਅਉਰ ਕਹੋਂ ਦ੍ਰਿਸ਼ਟਾਂਤਿ। ਸਰਵਨਿ ਕਰਿ ਮਨ ਕਰਿ ਏਕਾਂਤਿ। 40
ਚਿਦਾਭਾਸ ਜੀਵ ਏਹੁ ਜੋਇ। ਜਾਗ੍ਰਤਿ ਸੁਪਨਿ ਤਿਆਗੈ ਸੋਇ॥
ਜਾਗ੍ਰਤਿ ਸੁਪਨਿ ਤਿਆਗੈ ਜਬੈ। ਲੀਨ ਹੋਇ ਸੁਖਪਤਿ ਮੈਂ ਤਬੈ। 41
ਨਿਜ ਸਰੂਪ ਕੋ ਪ੍ਰਾਪਤਿ ਹੋਇ। ਤਹ ਬਿਵਹਾਰ ਰਹੈ ਨਹੀਂ ਕੋਇ।
ਤੈਸੇ ਇਹੁ ਮਨ ਫੁਰਨਾ ਜੋਈ। ਬ੍ਰਹਮ ਮਾਹਿ ਲੀਨ ਜਬ ਹੋਈ। 42
ਏਕ ਅਦੁਤੀ ਬ੍ਰਹਮ ਤਬ ਹੋਇ। ਦੁਤੀਆ ਭਾਉ ਰਹੈ ਨਹਿ ਕੋਇ।
ਨਨੁ-ਸਖੁਪਤਿ ਮਾਹਿ ਲੀਨ ਕਹਯੋ ਜੋਇ। ਸਹਤਿ ਬਾਸਨਾ ਲੀਨ ਸੁ ਹੋਇ। 43
ਸਹਤਿ ਬਾਸਨਾ ਤਾਂ ਮੇ ਰਹੈ। ਜਾਗੇਂ ਪੁਨਿ ਬਿਹਾਰ ਸੋ ਗਹੈ।
ਤੈਸੇ ਹੈ ਤਿਸਕਾ ਬਿਵਹਾਰ। ਅਥਵਾ ਅਨੁ ਪਰਕਾਰ ਬਿਚਾਰ। 44

### ਸ੍ਰੀ ਗੁਰੋ ਵਾਚ

ਨਿਜ ਸਰੂਪ ਕਾ ਗਯਾਨ ਹੋਇ ਜਬ। ਨਿਖਲ ਬਾਸਨਾ ਨਸ਼ਟਿ ਹੋਇ ਤਬ।
ਲਿੰਗ ਦੇਹਿ ਕਾ ਹੋਇ ਅਭਾਉ। ਤਤ ਗਯਾਨ ਕਾ ਇਹੁ ਪ੍ਰਭਾਉ। 45
ਤਾਕੇ ਪ੍ਰਾਨ ਕਹੂੰ ਨਹਿ ਜਾਵੈ। ਨਿਜ ਸਰੂਪ ਕੇ ਮਾਹਿ ਸਮਾਵੈ।
ਭਾਵ ਪਵਨ ਕਾ ਪ੍ਰਾਨ ਸੁ ਆਹਿ। ਨਿਕਸਤਿ ਮਿਲੈ ਪਵਨ ਕੇ ਮਾਹਿ। 46
ਆਤਮ ਅਹੈ ਦੇਹਿ ਮੈਂ ਜੋਈ। ਪਰਮਾਤਮ ਹੀ ਹਯੇ ਸੋਈ।
ਤਨ ਉਪਾਧਿ ਜੀਵ ਕਹਾਯੋ। ਨਿਜ ਗਿਆਨ ਤੇ ਦੇਹਿ ਬਿਲਾਯੋ। 47

### ਸਲੋਕ

ਘਟ ਉਪਾਧਿ ਕਰਿ ਘਟਾਕਾਸ, ਪਰਿਅਉ ਨਾਮ ਸੁਜਾਨ।
ਤਿਮ ਹੀ ਦੇਹਿ ਉਪਾਧਿ ਕਰਿ, ਜੀਵ ਨਾਮ ਪਹਿਚਾਨ। 48

### ਚੌਪਈ

ਘਟਿ ਫੂਟੇ ਜਲ ਜਾਇ ਬਿਲਾਇ। ਸੋ ਤੌ ਹਮ ਪੂਰਬ ਕਹਿ ਆਇ।
ਘਟ ਕਾ ਨਾਸ ਜਬ ਹੈ ਹੋਇ। ਮਹਾਕਾਸ਼ ਤੌ ਹਈਐ ਸੋਇ। 49
ਤਨ ਕਾ ਹੋਇ ਨਾਸ ਤਿਮ ਜਾਂਹਿ। ਆਤਮ ਮਿਲੈ ਪਰਾਤਮ ਮਾਹਿ।
ਪਰਮਾਤਮ ਆਗੇ ਹੀ ਹਯੇ। ਤਨ ਕਾ ਨਾਸ ਭਯਾ ਹੀ ਚਹਯੇ। 50
ਪਾਛੈ ਤਨ ਜੋ ਰਹਿਉ ਮਹਾਨਾ। ਤਿਸ ਕੀ ਤੀਨ ਗਤੀ ਹ੍ਵੈ ਜਾਨਾ।
ਅਗਨਿ ਮਾਹਿ ਜੋ ਦਏ ਜਲਾਏ। ਤਨ ਕੀ ਰਾਖ ਹੋਇ ਤਬ ਜਾਇ। 51
ਪਰਿਆ ਰਹੈ ਦੇਹਿ ਇਹੁ ਜਬੈ। ਤਨ ਕੇ ਕਿਰਮੁ ਹੋਇ ਜਾਇ ਤਬੈ।
ਸੂਕਰ ਸੁਆਨ ਤਾਹਿ ਜੋ ਖਾਇ। ਤਬ ਇਹੁ ਤਨੁ ਵਿਸਟਾ ਹੋਇ ਜਾਇ। 52
ਤੀਨ ਗਤੀ ਇਹੁ ਤਨ ਕੀ ਹਯੇ। ਇਸ ਤਨ ਕੋ ਆਤਮ ਨਹਿ ਕਹਯੇ।
ਜੜਿ ਅਸੱਤਿ ਦੁਖ ਰੂਪ ਸਰੀਰ। ਇਸਕਾ ਮੋਹੁ ਤਜੋ ਤੁਮ ਬੀਰ। 53
ਅਭਿੰਨਿ ਵੇਸ ਆਦਿਕ ਦੁਖ ਜੇਤੇ। ਤਨ ਅਭਿਮਾਨੀ ਕੋ ਹ੍ਵੈ ਤੇਤੇ।
ਇਸ ਤਨ ਮੈਂ ਜਿਸਕਾ ਅਧਿਆਸ। ਮਿਰਤੂ ਕਰੈ ਤਾਂਹਿ ਕਾ ਨਾਸ। 54
ਇਸ ਤਨ ਕਾ ਮੋਹੁ ਹਯੇ ਜੋਇ। ਮਿਰਤੂ ਇਹੀ ਔਰ ਨਹੀਂ ਕੋਇ।

ਕਰਿ ਬਿਚਾਰ ਜਿਨ ਆਤਮਾ ਜਾਨਿਉ । ਤਿਨ ਮਿਰਤੁ ਕਾ ਭਯ ਸਭਿ ਭਾਨਿਉ । 55
ਤਿਸਕੋ ਮਿਰਤੁ ਕਾ ਭਯ ਨਾਹਿ । ਮਿਰਤੁ ਨਾਹਿ ਆਤਮਾ ਮਾਹਿ ।
ਸੋ ਤੋ ਭਯੋ ਆਤਮਾ ਰਾਮ । ਹਮਰੀ ਹੈ ਤਾਂਕੋ ਪਰਣਾਮ । 56
ਆਤਮ ਸਤਿ ਚਿਤ ਆਨੰਦ ਰੂਪ । ਦੇਹਿ ਵਿਲੱਖਣ ਪਰਮ ਅਨੂਪ ।
ਨਿਰਸਣਿ ਮਿਰਤੁ ਕਾ ਇਮ ਕਰਿਯੋ । ਭੂਪਤਿ ਕਾ ਸੰਸਾ ਪਰਹਰਿਯੋ । 57

ਦੋਹਰਾ

ਨਾਹੰ ਦੇਹਿ ਚਿਦਾਤਮਾ, ਭਯੋ ਜਾਹਿ ਯਹਿ ਗਯਾਨ ।
ਇਸੀ ਜਨਮ ਮੈਂ ਮੁਕਤਿ ਸੋ, ਪਾਵੈ ਨਿਹਚੈ ਜਾਨ । 58

ਸ੍ਰੀ ਵਾਮਦੇਵੋਂ ਵਾਚ । ਚੌਪਈ

ਇਉ ਗੁਰ ਬੋਧ ਭੂਪ ਕੋ ਕਯੋ । ਤਿਸਕੇ ਮਨ ਕਾ ਸੰਸਾ ਗਯੋ ।
ਸੰਸੇ ਭਰਮ ਗਯੋ ਅਗਯਾਨ । ਰਹਯੋ ਸਰੂਪ ਸੁ ਲਹਯੋ ਮਹਾਨ । 59
ਹਿਰਦੇ ਗਯਾਨ ਭਯੋ ਪਰਗਾਸਾ । ਚਿਦ ਜੜਿ ਗ੍ਰੰਥ ਖੁਲ੍ਹੀਅਨਿ ਆਸਾ ।
ਅਪਨਾ ਆਪ ਲਯੋ ਤਿਨ ਜਾਨਾ । ਜੀਵਨ ਮੁਕਤਿ ਸੁ ਭਯੋ ਮਹਾਨਾ । 60
ਪੁਨਿ ਤਿਨ ਗੁਰ ਕੀ ਪੂਜਾ ਕੀਨੀ । ਸਤਿਗੁਰ ਤਿਸਕੋ ਆਗਯਾ ਦੀਨੀ ।
ਜਬ ਲਗ ਤੁਮਰਾ ਏਹੁ ਸਰੀਰਾ । ਤਬ ਲਗ ਰਾਜ ਕਰੋ ਤੁਮ ਬੀਰਾ । 61
ਅਬ ਤੁਮ ਹਮ ਕੋ ਦੇਹੁ ਬਿਦਾਇ । ਭੂਪਤਿ ਕਹਯੋ ਜੁ ਤੋਹਿ ਰਜਾਇ ।
ਭੂਪਤਿ ਬਹੁਰਿ ਕਰੀ ਪਰਣਾਮ । ਕਰਿ ਪਰਣਾਮ ਗਯੋ ਨਿਜ ਧਾਮ । 62
ਜੋ ਇਹੁ ਕਥਾ ਸੁਨੈ ਮਨ ਲਾਇ । ਪਾਪ ਤਾਪ ਤਹ ਜਾਇ ਬਿਲਾਇ ।
ਸੁਨਿ ਕਰਿ ਕਰੇ ਜੁ ਆਪ ਬਿਚਾਰੰ । ਲਹੈ ਸੁ ਪ੍ਰਾਨੀ ਗਯਾਨ ਉਦਾਰੰ । 63
ਗਯਾਨ ਮਿਟਾਵੈ ਸਗਲਾ ਧੋਖੰ । ਗਯਾਨ ਪ੍ਰਤਾਪ ਲਹੈ ਸੋ ਮੋਖੰ ।
ਅੰਗਦ ਗਯਾਨ ਸੁ ਉਰ ਗਹਿ ਲਯੋ । ਅਬ ਇਹੁ ਖੰਡ ਸਮਾਪਤ ਭਯੋ । 64

ਇਤਿ ਸ੍ਰੀ ਮਤਿ ਨਾਨਕ ਬਿਜੈ ਗ੍ਰੰਥੇ ਰਾਮੇਸੁਰ ਖੰਡੇ ਅੰਗਦ ਵਾਮਦੇਵ ਸੰਬਾਦੇ
ਨਾਮ ਅਸਟਦਸਮੋ ਧਿਆਇ ।

(ਰਾਮੇਸ਼ਰ ਖੰਡ, 18 ਅਧਿਆਇ, ਪੱਤਰਾ 1150–54)

# ਭਗਤੀ ਮਹਿਮਾ

ਗੁਰੂ ਨਾਨਕ ਸਾਹਿਬ, ਲਾਲੂ ਜੀ ਨੂੰ ਦੱਸ ਰਹੇ ਹਨ—

ਭਗਤੀ ਕੀ ਸ੍ਰੀ ਸਤਿਗੁਰੂ, ਮਹਿਮਾ ਕਹੀ ਉਚਾਰ।
ਸੁਨਿ ਕਰਿ ਲਾਲੂ ਬੋਲਯੋ, ਸਾਦਰ ਗੁਰ ਅਨੁਸਾਰ। 1

### ਲਾਲੂ ਵਾਚ

ਭਗਤੀ ਕੀ ਤੁਮ ਮਹਿਮਾ ਕਹੀ। ਅਹਿ ਤੌਂ ਬਾਤ ਕਹੀ ਗੁਰ ਸਹੀ।
ਪਰ, ਧਨ ਬਿਨ ਭਗਤੀ ਨਹੀਂ ਹੋਇ। ਧਨ ਬਿਨੁ ਜਗਤਿ ਨ ਮਾਨੈ ਕੋਇ। 2
ਇਸ ਤਨ ਕੇ ਸਨਬੰਧੀ ਜੇਤੇ। ਧਨ ਬਿਨ ਪਾਸ ਰਹੈਂ ਨਹਿੰ ਤੇਤੇ।
ਨਿਰਧਨ ਦੇਖੈਂ ਜਾਹਿ ਉਦਾਰੇ। ਛੋਡਿ ਜਾਂਹਿ ਖਿਨ ਮਾਹਿ ਸੁ ਸਾਰੇ। 3
ਪੁਨ ਜਬ ਧਨ ਦੇਖੈਂ ਇਸ ਪਾਸ। ਤਬ ਸਭ ਆਇ ਮਿਲੈ **ਅਨਯਾਸ**। ਸਹਜੇ ਹੀ
ਅਰੁ ਭਗਤੀ ਕਾ ਬੀਜ ਬਤਾਵਉ। ਹਮਰੇ ਮਨ ਕਾ ਭਰਮੁ ਮਿਟਾਵਉ। 4

### ਅਕੜਾ ਛੰਦ

ਗੁਰ ਕਹਯੋ ਤਾਂ ਪ੍ਰਤਿ ਰੀਝ। ਤੁਹਿ ਕਹੌ ਭਗਤੀ ਬੀਜ।
ਪ੍ਰਸ਼ਨ ਕੀਓ ਤੁਹਿ ਸਾਰ। ਅਬ ਸੁਨੌ ਉਤਰ ਉਦਾਰ। 5

### ਸਵੈਯਾ

ਸਰਧਾ ਭਾਵ ਬੀਜ ਭਗਤੀ ਕਾ, ਲਾਲੂ! ਮਨੈ ਮੈਂ ਰਾਖੋ।
ਸਰਧਾ, ਭਾਵਵਾਨ ਪੈ ਕਹੀਐ, ਇਸ ਬਿਨ ਮੂਲ ਨ ਭਾਖੋ।
ਸਰਧਾ ਭਾਵ ਏਕ ਹੀ ਕਹੀਐ, ਦੋਇ ਕਹੋ ਨਹਿ ਸੰਸਾ।
ਸਰਧਾ ਭਾਵ ਭਾਵ ਸੋ ਸਰਧਾ, ਏਕੋ ਰਵਿ ਕੁਲ ਵੰਸਾ। 6
ਸਰਧਾ ਭਾਵ ਬਿਨਾ ਨਹਿ ਭਗਤੀ, ਸਰਧਾ ਭਾਵ ਸੁ ਸਾਰੇ।
ਬੀਜ ਬਿਨਾ ਅੰਕੁਰ ਜਿਮ ਨਾਹੀ, ਲਾਲੂ ਦੇਖਿ ਬਿਚਾਰੇ।
ਬੀਜ ਭੂਮਿ ਮੈਂ ਦਵੈ ਤਬ ਨਿਕਸੈ, ਅੰਕੁਰ ਤਾਂਹਿ ਸੁ ਜਾਨੋ।
ਸ਼ਰਧਾ ਭਾਵ ਬੀਜ ਦਵੈ ਫਾਰੀ, ਅੰਕੁਰ ਭਗਤੀ ਮਾਨੋ। 7

### ਚੌਪਈ

ਸ਼ਰਧਾ ਭਾਵ ਬੀਜ ਦਵੈ ਭਾਈ। ਰਿਦੇ ਭੂਮਿਕਾ ਮੈਂ ਸੁਖਦਾਈ।
ਤਬ ਭਗਤੀ ਅੰਕੁਰ ਉਪਜਾਵੈ। ਪ੍ਰੇਮ ਨੀਰ ਦੇ ਤਾਂਹਿ ਬਢਾਵੈ। 8
ਸਤਿਸੰਗ ਬਾੜ ਚੁਫੇਰੇ ਕਰੈ। ਮਾਯਾ ਬੱਕਰੀ ਨਾਹਿਨ ਚਰੈ।
ਹਰਿ ਕੀਰਤਨੁ ਰਾਖੀ ਦਵੈ ਜਬੈ। ਭਗਤੀ ਪੌਦਾ ਬਢੈ ਸੁ ਤਬੈ। 9

ਸ੍ਰਵਨ ਆਦਿਕ ਨਵ ਪਰਕਾਰੇ । ਭਗਤੀ ਅਹੇ ਜੁ ਜਗਤ ਮਝਾਰੇ ।
ਸੋ ਸ਼ਾਖਾ ਉਪਸ਼ਾਖਾ ਜਾਨੋ । ਅਬ ਪੁਨ ਫੂਲ ਫਲ ਪਰਣ ਬਖਾਨੋ । 10

ਦੋਹਰਾ

ਲਗਨ ਪਰਣ ਵੈਰਾਗ ਫੂਲ, ਲਾਲੂ ਜਾਨੋ ਤਾਂਹਿ ।
ਸਾਰਾਸਾਰ ਬਿਬੇਕ ਫਲੁ, ਗਯਾਨਾਮ੍ਰਿਤ ਰਸ ਮਾਹਿ । 11

ਚੌਪਈ

ਗਯਾਨਾਮ੍ਰਿਤੁ ਰਸ ਪਾਨ ਜੁ ਕਰੈ । ਕਹੈ ਨਾਨਕ ਸੋ ਪ੍ਰਾਨੀ ਤਰੈ ।
ਇਸੀ ਜਨਮ ਮੈਂ ਮੁਕਤਿ ਸੁ ਪਾਵੈ । ਪੁਨਰਪ ਜਗਤ ਜਨਮ ਨਹੀਂ ਆਵੈ । 12
ਹਰਿਅਵਲੋਕਨ ਨਯਾਇ ਬਖਾਨੋ । ਤੁਮਰੇ ਮਨ ਕਾ ਸੰਸਾ ਭਾਨੋ ।
ਧਨ ਬਿਨ ਹਰਿ ਭਗਤੀ ਨਹੀਂ ਹੋਇ । ਪੂਰਬ ਤੁਮਨੈ ਭਾਖਯੋ ਸੋਇ । 13
ਕਹਯੋ ਸਾਚੁ ਤੁਮ ਸੰਸਾ ਨਾਹਿ । ਧਨ ਕਾ ਮਾਨ ਪਾਨ ਜਗ ਮਾਹਿ
ਜਿਸ ਪੈ ਧਨ ਤਿਸਕਾ ਸਭ ਕੋਇ । ਭਾਵੈਂ ਨੀਚ ਜਾਤਿ ਕਿ ਨ ਹੋਇ । 14
ਤਿਸ ਕੋ ਸਭ ਚਲ ਕਰੈਂ ਸਲਾਮ । ਜਗ ਕੇ ਮਾਹਿ ਬਡਾ ਹੈ ਦਾਮ ।
ਚਾਰ ਵਰਨ ਤਹਿ ਰਾਖੇ ਮਾਨ । ਭਾਵੈਂ ਹੋਇ ਸੁ ਗ੍ਰਾਂਵ ਸਮਾਨ । 15

ਦੋਹਰਾ

ਧੰਨ ਧੰਨ ਧਨ ਕੋ ਕਹੈ, ਨਰ ਕੋ ਕਹੈ ਨ ਕੋਇ ।
ਤਿਸਕਾ ਰਾਖੈ ਮਾਨ ਸਭ, ਜਿਸਕੈ ਘਰਿ ਧਨ ਹੋਇ । 16
ਬਡਾ ਭਯਾ ਤੌਂ ਕਯਾ ਭਯਾ, ਜੇ ਹਰਿ ਭਗਤੀ ਨਾਹਿ ।
ਦੇਹਿ ਛੁਟੇ ਤੇ ਨਾਨਕਾ, ਪਰੈ ਨਰਕ ਕੇ ਮਾਹਿ । 17
ਮਾਨ ਬਡਾਈ ਸੰਪਦਾ, ਸਭੀ ਨਰਕ ਕੋ ਸਾਜ ।
ਹਰਿ ਭਗਤੀ ਹਰਿ ਨਾਮੁ ਬਿਨ, ਜਮ ਕਾ ਹੋਇ ਮੁਹਤਾਜ । 18

ਚੌਪਈ

ਮਾਇਆ ਏਹੁ ਰਚੀ ਜੋ ਹਰੀ । ਤੀਨ ਗਤੀ ਕੋ ਪ੍ਰਾਪਤ ਕਰੀ ।
ਉਤਮ ਮਧਯਮ ਮੰਦ ਸੁ ਜਾਨੋ । ਅਬ ਇਸਕਾ ਮੈਂ ਅਰਥ ਬਖਾਨੋ ।19
ਹਰਿ ਨਿਮਿਤ ਜੋ ਮਾਯਾ ਲਾਵੈ । ਦੀਨ ਗਰੀਬਨ ਕੇ ਮੁਖਿ ਪਾਵੈ ।
ਬਿਪਰ ਸੰਤਨ ਕੇ ਮੁਖਿ ਪਾਇ । ਫਲੁ ਅਭਿਲਾਖਾ ਕਰੇ ਨ ਕਾਇ । 20
ਹਰਿ ਨਿਮਿਤ ਨਰ ਲਾਵੈ ਜੋਊ । ਉਤਮ ਮਤਿ ਨਰ ਪਾਵੈ ਸੋਊ ।
ਉਤਮ ਮਤਿ ਹਰਿ ਲੋਕ ਸੁ ਜਾਇ । ਅਬ ਮਧਜਮ ਸੁਣਿਐ ਮਨ ਲਾਇ । 21
ਜੱਗਜ ਮਹੋਛੇ ਬਹੁ ਬਿਧਿ ਕਰੈ । ਫਲੁ ਅਭਿਲਾਖਾ ਮਨ ਮਹਿੰ ਧਰੈ ।
ਬਿਪਰਨ ਜਾਚਕ ਕੈ ਮੁਖ ਪਾਇ । ਮਧਯਮ ਗਤਿ ਸੁਰ ਲੋਕ ਸੁ ਜਾਇ ।22
ਪਾਪ ਕਰਮ ਮੈਂ ਮਾਯਾ ਦੇ ਲੈ । ਬੇਸਯਾ ਕੋ ਦੇ ਜੂਆ ਖੇਲੈ ।
ਮਦਰਾ ਮਾਸ ਮੋਲ ਲੇ ਖਾਇ । ਮੰਦ ਗਤੀ ਨਰ ਨਰਕ ਸੁ ਜਾਇ । 23
ਅਥਵਾ ਉਤਮ ਗਤਿਸੁਰ ਲੋਕ । ਮਧਜਮ ਗਤਿ ਮਾਨਵ ਭੂਅ ਲੋਕ ।
ਮੰਦਗਤੀ ਕਾ ਏਹੁ ਖਿਆਲੁ । ਤਿਰਗਦ ਜੋਨਿ ਕੈ ਜਾਇ ਪਤਾਲੁ । 24
ਧਨਵਾਨਨ ਕੋ ਹੋਇ ਹੰਕਾਰੁ । ਸੋ ਕਾਹੂ ਨਹਿ ਨਿਵੈਂ ਗਵਾਰ ।
ਪੂਜਾ ਮਾਨ ਬਡਾਈਵਾਨ । ਕਾਮ ਕ੍ਰੋਧ ਪੁਨਿ ਲੋਭ ਸੁ ਜਾਨ । 25

ਭਗਵਤ ਚਰਚਾ ਮੈਂ ਪਰਸੋਈ। ਤਿਨ ਤੇ ਕਬੂੰ ਨ ਭਗਤੀ ਹੋਈ
ਪਹਿਲਾਂ ਮਾਨ ਬਡਾਈ ਖੋਇ। ਤਿਸ ਨਰ ਤੇ ਹਰਿ ਭਗਤੀ ਹੋਇ। 26।

ਬਹਤਾ ਛੰਦ

ਹਰਿ ਕੀ ਭਗਤੀ ਗਹੀ ਸੁ ਜਾਂਹਿ ਪਰਾਨਿਯੇ
ਮੁਕਤਿ ਵਹੀ ਭਵ ਭੀਤਰ ਹੋਇ ਮਹਾਂਨਿਯੇ
ਆਪਿ ਤਰੇ ਕੁਲ ਤਾਰੈ, ਭਗਤਿ ਪ੍ਰਤਾਪ ਤੇ
ਭਗਵਤਿ ਦਰਸ਼ਨ ਦਏ, ਆਇ ਕਹਿ ਆਪ ਤੇ। 27।

ਚੌਪਈ

ਤਾਂਤੇ ਸੁਨਿ ਲਾਲੂ ! ਬਡਭਾਗੀ। ਹਰਿ ਕੀ ਭਗਤਿ ਕਰੋ ਸਭਿ ਤਯਾਗੀ
ਬਿਤ ਸੁਤ ਭਾਈ ਤਨੁ ਪਰਵਾਰੁ। ਇਨ ਕਾ ਮੋਹ ਨ ਕਰੋ ਉਦਾਰੁ। 28।
ਹਲਤ ਪਲਤ ਤੁਮ ਜੋ ਸੁਖ ਚਹੋ। ਭਗਵਤਿ ਭਗਤੀ ਉਰ ਮੈਂ ਗਹੋ
ਦੁਰਲਭ ਮਾਨੁਖ ਦੇਹਿ ਸੁ ਪਾਈ। ਭਗਵਤ ਭਜਨ ਕਰੋ ਮਨ ਲਾਈ। 29।
ਭਗਵਤ ਭਜਨੁ ਕਰਯੋ ਜੋ ਚਹੇ। ਨਵਧਾ ਭਗਤਿ ਸੁ ਉਰ ਮੈਂ ਗਹੇ
ਹਰਿਗੁਨ ਸਰਵਨ ਪ੍ਰਿਥਮ ਸੁਜਾਨ। ਹਰਿਗੁਨ ਕੀਰਤਨ ਦੁਤਿਯੇ ਮਾਨ। 30।
ਭਗਵਤ ਸਿਮਰਨ ਤੀਸਰ ਹਯੈ। ਪਾਦ-ਸੇਵਨਾ ਚਤੁਰਥਿ ਕਹਯੈ
ਹਰਿ ਗੁਰ ਕੀ ਪਗ ਸੇਵਾ ਜੋਊ। ਪਾਦ-ਸੇਵਨਾ ਕਹਯੈ ਸੋਊ। 31।

ਬਹਤਾ ਛੰਦ

ਕੁੰਕਮ ਚੰਦਨ ਅੱਛਤ ਉਦਕਿ ਚੜ੍ਹਾਵਈ
ਹਰਿ ਗੁਰ ਗਰਿ ਫੂਲ ਮਾਲਾ, ਗੁਹਿ ਪਹਿਰਾਵਈ
ਅਤਰ ਅੰਬੀਰ ਗੁਲਾਲ, ਚੜ੍ਹਾਇ ਮਹਾਨਿਯੈ
ਲਾਲੂ ! ਅਰਚਨ ਭਗਤੀ ਤਾਂਹਿ ਬਖਾਨਿਯੈ। 32।
ਹਰਿ ਗੁਰ ਕੋ ਪਰਣਾਮ ਕਰੈ ਸਿਰ ਨਾਇ ਕੈ
ਦੰਡ ਸਮਾਨ ਮਹੀ ਪਰ ਅੰਗ ਲਗਾਇਕੈ
ਖਸਟਮਿ ਬੰਦਨ ਭਗਤੀ ਏਹੁ ਸੁ ਜਾਨਿਯੈ
ਅਸ਼ਟ ਅੰਗ ਅਬ ਕਹੋਂ ਸੁ ਸੁਣੋ ਮਹਾਨਿਯੈ। 33।

ਦੋਹਰਾ

ਪਗ ਗੂਠੇ ਗੋਡੇ ਉਦਰ ਛਾਤੀ ਕਰ ਦ੍ਵੈ ਜਾਨ
ਨਾਕ ਮਸਤਕ ਧਰ ਲਾਈਐ, ਦੰਡ ਪ੍ਰਣਾਮ ਸੁ ਮਾਨ। 34।
ਹਰਿ ਗੁਰ ਕੀ ਸੇਵਾ ਕਰੈ, ਮਨ ਬਚ ਕਾਇ ਸਮੇਤ
ਅਬਦ ਰਖੈ ਹਰਿ ਗੁਰੂ ਕਾ, ਸੇਵਾ ਕਰੈ ਸੁਚੇਤਿ। 35।
ਹਰਿਗੁਰ ਪੂਰਨ ਬ੍ਰਹਮ ਹੈ, ਮੈਂ ਤੌਂ ਤਿਨ ਕਾ ਦਾਸ
ਦਾਸਾ ਭਾਵ ਸੁ ਜਾਨਿਯੈ, ਸਪਤਮਿ ਕਰੀ ਪ੍ਰਕਾਸ਼। 36।

ਅੜਿਲ

ਸਖਾ ਭਾਵ ਅਬ ਕਹੋਂ ਸੁਣੋ ਮਨ ਲਾਇਕੈ
ਹਰਿਗੁਰ ਸੇਵਾ ਕਰੈ ਸੁ ਮਨ ਹਰਖਾਇਕੈ

ਹਰਿਗੁਰ ਬਾਂਧਵ ਜਾਨੈ ਪਰਮ ਮਹਾਨਿਯੈ
ਹੋ ਤਨ ਮਨ ਧਨ ਤੇ ਪ੍ਰਿਯ, ਤਾਂ ਹਿ ਪਛਾਨੀਯੈ । 37 ।

ਚੌਪਈ

ਪ੍ਰਿਅ ਵਸਤੂ ਘਰਿ ਮਾਹਿ ਸੁ ਜੇਤੀ । ਹਰਿ ਗੁਰ ਕੋਂ ਅਰਪੈ ਸਭ ਤੇਤੀ
ਅਸਟਮ ਸਖਾ ਭਾਵ ਇਹੁ ਕਹਯੈ । ਹਰਿਗੁਰ ਕਿਰਪਾ ਤੇ ਇਹੁ ਲਹਯੈ । 38 ।
ਤਨ ਮਨ ਧਨ ਸਭ ਅਰਪਨ ਕਰੇ । ਆਪਾ ਅਰਪਿ ਚਰਨਿ ਪੁਨਿ ਪਰੇ
ਹਰਿ ਗੁਰਦਰਸ਼ਨ ਛੋਡਹਿ ਨਾਹਿ । ਨਿਸ ਦਿਨ ਰਹੈ ਸੁ ਚਰਨਨ ਮਾਹਿ । 39 ।
ਰਾਖ਼ੈ ਨ ਮਨ ਕਪਟ ਸੰਦੇਹੁ । ਸਰਬ ਨਿਵੇਦਨ ਭਗਤਿ ਏਹੁ ।
ਕਰਨੀ ਕਾ ਅਭਿਮਾਨ ਨ ਧਰੇ । ਹਰਤਾ ਕਰਤਾ ਹਰਿਗੁਰ ਹਰੇ । 40 ।

ਲਾਲੂ ਵਾਚ

ਨਵਧਾ ਭਗਤਿ ਕਹੀ ਗੁਰਸੁਾਮੀ । ਸੁਣਿ ਪ੍ਰਸ਼ਨ ਕੀਓ ਅੰਤਰਜਾਮੀ
ਭਗਤੀ ਕੇ ਮੁਹਿ ਸਾਧਨ ਕਹਿਯੇ । ਸਰਵਨ ਕੀ ਮੁਹ ਇਛਿਆ ਹਯੇ । 41 ।
ਜਿਨ ਤੇ ਉਪਜੇ ਭਗਤਿ ਹਮਾਰੇ । ਸੋ ਸਾਧਨ ਮੁਹਿ ਕਹੋ ਉਦਾਰੇ ।

ਗੁਰ ਨਾਨਕ ਵਾਚ

ਸਾਧਨ ਕਹੌਂ ਸੁਣੋ ਮਨ ਲਾਈ । ਜਾਹਿ ਸੁਣੇ ਭਗਤੀ ਉਪਜਾਈ । 42 ।
ਹਰਿਸੰਤਨ ਕੀ ਸੰਗਤਿ ਜੋਊ । ਪ੍ਰਿਥਮ ਸਾਧਨ ਜਾਨਹੁ ਸੋਊ
ਸੰਤਨ ਕੋ ਹਰਿ ਰੂਪ ਸੁ ਜਾਨੈ । ਦ੍ਵੈਤ ਭਾਉ ਮਨ ਮਾਹਿ ਨ ਆਨੈ । 43 ।
ਦੁਤੀਆ ਸਾਧਨ ਏਹੁ ਸੁ ਜਾਨ । ਅਬ ਤੀਸਰ ਕੋ ਕਰਉਂ ਬਖਾਨ
ਸੰਤਨ ਕੀ ਸੇਵਾ ਨਿਤ ਕਰੈ । ਆਦਰ ਸਹਿਤ ਪਾਂਇ ਨਿਤ ਪਰੈ । 44 ।
ਸੇਵਾ ਕਰੇ ਨੇਮ ਨਿਤ ਧਾਰੇ । ਤੀਸਰ ਸਾਧਨ ਏਹ ਉਚਾਰੇ
ਸੰਤ ਕਹੈ ਸੋ ਆਗਯਾ ਮਾਨੈ । ਚਤੁਰਥ ਸਾਧਨ ਏਹ ਬਖਾਨੈ । 45 ।
ਜਥਾ ਸ਼ਕਤਿ ਕਛੁ ਫੂਲ ਫਲ ਲਯਾਵੈ । ਸੰਤਨ ਕੇ ਮੁਖਿ ਮੈਂ ਕਛੁ ਪਾਵੈ
ਪਾਸ ਨ ਹੁਇ ਕਛੁ ਸਰਧਾ ਰਾਖੈ । ਪੰਚਮ ਸਾਧਨ ਇਹ ਗੁਰ ਭਾਖੈ । 46 ।
ਹਰਿ ਭਗਤਨ ਕਾ ਰਾਖੈ ਮਾਨ । ਤਿਨ ਕੇ ਬਚਨ ਸੁਨੈ ਨਿਤ ਕਾਨ
ਤਿਨ ਕੇ ਪੁਨ ਮਨ ਮਾਹਿ ਬਿਚਾਰੈ । ਖਸਟਮਿ ਸਾਧਨ ਏਹੁ ਉਚਾਰੈ । 47 ।

ਦੋਹਰਾ

ਹਰਿਜਸ ਸੁਨੈ ਸੁਨਾਵਈ ਸਰਧਾ ਸਿਉ ਮਨ ਲਾਇ ।
ਬਿਖੈ ਭੋਗ ਕੀ ਬਾਸਨਾ, ਮਨ ਤੇ ਦੇਇ ਉਠਾਇ । 48 ।

ਚੌਪਈ

ਸਪਤਮਿ ਸਾਧਨ ਏਹੁ ਕਹੀਜੈ । ਤੱਤ ਵਿਚਾਰ ਵਿਖੈ ਮਨ ਦੀਜੈ
ਸਾਰਾਸਾਰ ਬਿਚਾਰ ਬਿਚਾਰੈ । ਅਸਟਮਿ ਸਾਧਨ ਏਹੁ ਸੁ ਧਾਰੈ । 49 ।
ਸਭ ਭੂਤਨ ਮੈਂ ਹਰਿਕੋ ਦੇਖੈ । ਆਪਾ ਸਹਤ ਅਉਰ ਨਹਿ ਪੇਖੈ
ਜਥਾਸ਼ਕਤਿ ਸਭ ਕੋ ਸੁਖ ਦੇਵੈ । ਰਾਮ ਨਾਮ ਨਿਤ ਮੁਖ ਤੇ ਲੇਵੈ ।50।

ਨਵਮੋ ਸਾਧਨ ਏਹੁ ਕਹੀਜੈ । ਇਨ ਤੇ ਪਾਤਕ ਸਗਲੇ ਛੀਜੈ ।
ਪਾਤਕ ਮਲ ਕੋ ਡਾਰੈ ਧੋਇ । ਇਨ ਤੇ ਅੰਤਰਿ ਨਿਰਮਲ ਹੋਇ । 51 ।
ਉਪਜੈ ਭਗਤਿ ਸੁ ਰਾਮ ਮਝਾਰੀ । ਜੋ ਭਵਸਾਗਰ ਜੀਵਨ ਤਾਰੀ
ਪਾਪ ਤਾਪ ਜਾਂਕੈ ਭਯ ਕਾਂਪਤ । ਨਉਧਾ ਭਗਤਿ ਸੁ ਹੋਇ ਪ੍ਰਾਪਤਿ ।52।
ਪ੍ਰੇਮ ਲਖਣਾ ਭਗਤਿ ਸੁ ਜੋਊ । ਤਿਸਤੇ ਉਪਜੈ ਉਰ ਮੈਂ ਸੋਊ ।
ਪ੍ਰੇਮ ਭਗਤਿ ਤੇ ਤੱਤ ਗਯਾਨ । ਪ੍ਰਗਟ ਹੈ ਉਰ ਮਾਹਿ ਸੁਜਾਨ । 53 ।
ਤਤਗਯਾਨ ਜਹਾਂ ਉਰ ਪ੍ਰਗਟਾਵੈ । ਵਹੀ ਦੇਹਿ ਮੈਂ ਮੁਕਤਿ ਸੁ ਪਾਵੈ
ਪ੍ਰਤਿਬਿੰਬ ਜਿਉਂ ਬਿੰਬਹਿ ਮਿਲੇ । ਤਿਉਂ ਤਨੁ ਛੁਟੇ ਬ੍ਰਹਮ ਮੈਂ ਭਿਲੇ ।54।

ਦੋਹਰਾ

ਘਟ ਫੂਟੇ ਪ੍ਰਤਿਬਿੰਬ ਜਿਉਂ, ਮਿਲੇ ਬਿੰਬ ਕੋਂ ਜਾਇ ।
ਤਿਉ ਤਨ ਛੂਟੇ ਨਾਨਕਾ, ਜੀਵ ਬ੍ਰਹਮ ਇਕ ਭਾਇ । 55 ।
ਆਦਿ ਅੰਤ ਮਧ ਧਯਾਇ ਮੈਂ, ਰਸਿ ਭਰਯੋ ਇਸ ਮਾਹਿ ।
ਸਰਵਨ ਕਰੇ ਜੁ ਪ੍ਰੇਮ ਸੋ; ਨਿਖਲ ਪਾਪ ਮਿਟਿ ਜਾਹਿਂ । 56 ।
ਭਗਤੀ ਅਰੁ ਸਾਧਨ ਕਹੇ, ਸ੍ਰੀ ਗੁਰ ਪਰਮ ਉਦਾਰ ।
ਸਰਵਨ ਕਰਤ ਅਨੰਦ ਹ੍ਵੈ, ਉਪਜੈ ਬ੍ਰਹਮ ਬਿਚਾਰ । 57 ।

(ਗਿਆਨ ਖੰਡ, ਖਸਟਮ ਧਿਆਇ ਸਮਾਪਤੰ)

ਗੁਰੂਨਾਨਕੋ ਵਾਚ

ਪੁਨ ਭਗਤੀ ਮਾਰਗ ਤੁਹਿੰ ਕਹੋਂ । ਤੁਮਰੇ ਮਨ ਕਾ ਸੰਸਾ ਦਹੋਂ ।
ਭਗਤਨ ਬਿਨ ਭਗਤੀ ਨਹਿੰ ਪਾਵੈ । ਭਗਤਿ ਬਿਨਾ ਹਰਿ ਲੋਕ ਨ ਜਾਵੈ । 1 ।
ਭਗਤੀ ਬਿਨ ਭਗਵੰਤ ਨ ਮਿਲੇ । ਜਿਮ ਕਮਾਨ ਬਿਨ ਤੀਰ ਨ ਚਲੇ ।
ਚਿੱਲਾ ਜਬੈ ਕਮਾਨ ਚੜ੍ਹਾਵੈ । ਤਬ ਚਲਿ ਤੀਰ ਨਿਸ਼ਾਨੇ ਜਾਵੈ । 2 ।
ਤਿਮ ਭਗਵੰਤ ਮਿਲੈ ਇਸ ਤਬੈ । ਭਗਤਨ ਸੰਗਿ ਕਰੈ ਇਹ ਜਬੈ ।
ਚੰਦਨ ਕੇਸਰ ਕੁਸਮ ਮਹਾਨੀ । ਕਸਤੂਰੀ ਸਭ ਕੋ ਪਰਵਾਨੀ । 3 ।
ਸਰਬ ਦੇਵਨ ਮਨੁਖ ਪਰਵਾਨ । ਇਤਨੇ ਸਭ ਕੋ ਚੜ੍ਹੈ ਮਹਾਨ ।
ਘਿਅ ਪਟ ਭਾਂਡਾ ਕਹੇ ਨ ਕੋਇ । ਐਸਾ ਭਗਤ ਬਰਣ ਮਹਿ ਹੋਇ । 4 ।
ਕਿਸੀ ਬਰਣ ਮੈਂ ਭਗਤ ਸੁ ਹੋਇ । ਸਭ ਬਰਣਨ ਤੇ ਊਤਮ ਸੋਇ ।
ਤਾਂਤੇ ਭਗਤ ਸੰਗ ਨਿਤ ਕਰੈ । ਅਉਰ ਉਪਾਇ ਸਕਲ ਪਰਹਰੈ । 5 ।

ਦੋਹਰਾ

ਭਗਤਨ ਕੀ ਸੰਗਤਿ ਕਰੈ, ਮਾਨ ਬਡਾਈ ਖੋਇ ।
ਧਰਮ ਅਰਥ **ਅਪਵਰਗ** ਸੁਖ, ਸਭ ਤਹਿੰ ਪ੍ਰਾਪਤ ਹੋਇ । 6 । ਮੁਕਤੀ

ਚੌਪਈ

ਭਗਤਨ ਸੰਗਤ ਕਰੈ ਬਿਚੱਛਨ । ਤਿਨ ਤੇ ਸਿਖੇ ਭਗਤਿ ਕੇ ਲੱਛਣ ।
ਜਿਮ ਜਿਮ ਭਗਤ ਸੁ ਭਗਤੀ ਕਰੈ । ਪੂਜਾ ਅਰਚਨ ਕਰਿ ਪਗ ਪਰੇ । 7 ।
ਤਿਮ ਤਿਮ ਕਰੈ ਸੁ ਆਪ ਅਚਰਨ । ਪੂਜਾ ਅਰਚਾ ਬੰਦਨ ਕਰਨ ।
ਹਰਿ ਗੁਰ ਕੀ ਸੇਵਾ ਨਿਤ ਕਰੈ । ਅਰਚਨ ਪੂਜਾ ਕਰਿ ਪਗ ਪਰੈ । 8 ।

ਚੰਦਨ ਅੱਛਤ ਫੂਲ ਚੜ੍ਹਾਵੈ। ਜੋ ਕਛੁ ਕਰੈ ਸੁ ਨਾਹਿ ਬਤਾਵੈ।
ਧੂਪ ਦੀਪ ਨਈਵੇਦ ਸੁ ਰਾਖੈ। ਮੁਖ ਤੇ ਦੀਨ ਬਚਨ ਨਿਤ ਭਾਖੈ। 9।
'ਮੈਂ' ਬੂਡਤ ਹੌਂ ਭਵਜਲੁ ਭਾਰੀ। ਹੇ ਹਰਿਗੁਰ ! ਮੁਹ ਲੇਹੁ ਉਬਾਰੀ।
ਇਹ ਅਤਿ ਦੁਸਤਰ ਹੈ ਸੰਸਾਰ। ਜਿਸ ਕੇ ਦੁਖ ਕੋ ਵਾਰ ਨ ਪਾਰ। 10।
ਮਮ ਮਨ ਚੰਚਲ ਪਵਨ ਸਰੂਪ। ਹਾਥ ਨ ਆਇ ਛਾਇ ਜਿਮ ਧੂਪ।
ਕੈਸੇ ਭਗਤੀ ਕਰੌਂ ਤੁਮ੍ਹਾਰੀ। ਹੇ ਹਰਿਗੁਰ ! ਮੋਹਿ ਲੇਹੁ ਉਬਾਰੀ। 11।
ਹਰਿਗੁਰ ਕੀ ਪ੍ਰਸੰਸਾ ਕਰੈ। ਦੰਡ ਸਮਾਨ ਪਾਂਇ ਨਿਤ ਪਰੈ।
ਖਟ ਰਸ ਬਿੰਜਨ ਬਹੁ ਪਰਕਾਰ। ਹਰਿਗੁਰ ਹੇਤ ਸੁ ਕਰੈ ਉਦਾਰ। 12।
ਕਰਿ ਹਰਿਗੁਰ ਕੋ ਭੋਗ ਲਗਾਵੈ। ਹਰਿਗੁਰ ਦਏ ਸੁ ਆਪਹੁ ਪਾਵੈ।
ਭੋਗ ਲਗਾਇ ਆਰਤੀ ਕਰੈ। ਓਅੰਕਾਰ ਸੁ ਮੰਤ੍ਰ ਉਚਰੈ। 13।
ਹਰਿਗਰ ਕਾ ਨਿਤ ਕਰੈ ਧਿਆਨੁ। ਨਖ ਸਿਖ ਸਭ ਅੰਗਨ ਕੋ ਜਾਨ।
ਲਖਮੀ ਸਹਤ ਚਤੁਰ ਭੁਜ ਰੂਪ। ਅਤਿ ਸੁਦਰ ਮਖਿ ਪਰਮ ਅਨੂਪ। 14।

... ... ... ...

ਚੌਪਈ

ਹਰਿ ਭਗਤਨ ਕੀ ਸੇਵਾ ਕਰੈ। ਖੋਟੇ ਕਰਮਨ ਤੇ ਬਹੁ ਡਰੈ।
ਪਾਤਰ ਬਿਪ੍ਰ ਕੋ ਦੇਵੈ ਦਾਨ। ਤਿਸਤੇ ਬਢੈ ਬਹੁਤ ਧਨ ਧਾਨ। 28।
ਆਯੁਖ ਗੁਣ ਕਰ ਬਡੇ ਸੁ ਜੇਤੇ। ਹਰਿ ਸਮਦਰਸੀ ਤੱਤ ਕੇ ਬੇਤੇ।
ਤਿਨ ਤਿਨ ਕਾ ਬਹੁ ਰਾਖੈ ਮਾਨੰ। ਭਗਵਤ ਤਾਂਹਿ ਕਰੈ ਕਲਿਆਨੰ।29।
ਜਿਨ ਜਿਨ ਕੋ ਅਪਨੇ ਸਮ ਦੇਖੇ। ਆਯੁਖ ਗੁਣ ਤਿਨ ਆਪ ਸੁ ਪੇਖੇ
ਤਿਨ ਤਿਨ ਸੌਂ ਰਾਖੈ ਬਹੁ ਪ੍ਰੀਤਿ। ਰਹਤ ਰਹੈ ਹਰਿਜਨ ਕੀ ਰੀਤਿ।30।

ਦੋਹਰਾ

ਆਯੁਸ ਸੁਤ ਬਿਤ ਹੀਨ ਜੋ, ਜਾਤ ਵਰਣ ਕੁਲ ਹੀਨ।
ਅਥਵਾ ਗੁਣ ਕਰਿ ਹੀਨ ਜੋ, ਸਠ ਜੜ ਬੁਧਿ ਮਲੀਨ। 31।

ਚੌਪਈ

ਤਿਨ ਤਿਨ ਪਰ ਕਰੁਣਾ ਨਿਤ ਰਾਖੈ। ਕਬਹੂੰ ਬਚਨ ਕਠੋਰ ਨ ਭਾਖੈ।
ਮੁਖ ਗੁਣਿ ਸਭ ਘਟ ਹਰਿ ਕੋ ਜਾਨੈ। ਜਥਾ ਸਕਤਿ ਸਭ ਹੀ ਕੋ ਮਾਨੈ। 32।
ਮਨ ਕਰਿ ਸਭ ਕੋ ਬੰਦਨ ਕਰੈ। ਕਹੁ ਨਾਨਕ ਸੋ ਪ੍ਰਾਨੀ ਤਰੈ।
ਹਰਿਜਸ ਸੁਨੈ ਸੁਨਾਵੈ ਆਪ। ਪਾਪ ਤਾਪ ਸਭ ਮਿਟੈ ਸੰਤਾਪ। 33।
ਤਨ ਮਨ ਕਰਿ ਸੰਤਨ ਪਗ ਪਰੇ। ਅਸ ਰਹਣੀ ਰਹਿ ਭਗਤੀ ਕਰੇ।
ਪਰਮ ਪੁਰਖ ਪਰਮਾਤਮ ਜੇਈ। ਅਪਨਾ ਨਿਜ ਪਦੁ ਤਾਂਹਿ ਸੁ ਦੇਈ। 34।

ਦੋਹਰਾ

ਭਗਤੀ ਮਾਰਗ ਇਹ ਕਹਿਓ, ਜਾਂ ਕਰਿ ਹਰਿ ਪੁਰਿ ਜਾਇ।
ਗਯਾਨ ਪੰਥ ਅਬ ਕਹਤ ਹੌਂ, ਸਰਵਨ ਕਰਿ ਮਨਿ ਲਾਇ। 35।

ਇਤਿ ਸ੍ਰੀ ਮਤਿ ਨਾਨਕ ਬਿਜੈ ਗ੍ਰੰਥੇ ਗਿਆਨ ਖੰਡੇ ਅਗਦ ਵਾਮਦੇਵ ਸੰਵਾਦੇ
ਨਾਮ ਸਪਤਮੋ ਧਿਆਇ। 7। (ਪੱਤਰਾ 1187)

# ਮੁਕਤੀ ਮਾਰਗ

ਗੁਰੂ ਸਾਹਿਬ ਨੇ ਅਜਿੱਤੇ ਰੰਧਾਵੇ ਨੂੰ ਮੁਕਤੀ ਦਾ ਰਾਹ ਇਉਂ ਸਮਝਾਇਆ ਹੈ :

ਦੋਹਰਾ

ਭਗਵਨ ! ਮਾਰਗ ਮੁਕਤਿ ਕਾ, ਮੋ ਪ੍ਰਤਿ ਕਹੋ ਮਹਾਨ ।
ਜਿਸ ਕੋ ਪੜ੍ਹਿ ਸੁਨਿ ਜੀਵ ਇਹੁ, ਲਹੈ ਸੁ ਪਦ ਨਿਰਬਾਨ ।32

ਚੌਪਈ

ਜੀਵਨ ਮੁਕਤਿ ਕਉਨ ਕੋ ਕਹਯੈ । ਇਹ ਭੀ ਹਮਰਾ ਪ੍ਰਸ਼ਨ ਹਯੈ ।
ਜੀਵਨ ਮੁਕਤ ਅਵਸਥਾ ਕਹੋ । ਹਮਰੇ ਮਨ ਕਾ ਸੰਸਾ ਦਹੋ ।33
ਉਤਮ ਮਧਜਮ ਰਹਨੀ ਜੋਇ । ਇਹੁ ਭੀ ਕਹੋ ਆਪ ਗੁਰ ਸੋਇ ।
ਪੁਨਿ ਬੈਰਾਗ ਕ੍ਰਿਪਾ ਕਰਿ ਕਹੋ । ਅਪਨੇ ਜਨ ਕਾ ਸੰਸਾ ਦਹੋ ।34

ਗੁਰ ਨਾਨਕੋ ਵਾਚ

ਤੁਮ ਨੇ ਮਾਰਗ ਮੁਕਤਿ ਕਾ, ਬੂਝਯੋ ਆਪ ਸੁਜਾਨ ।
ਸੋ ਮੈਂ ਤੁਮ ਸਿਉਂ ਕਹਤ ਹੋਂ, ਸਰਵਣ ਕਰੋ ਮਹਾਨ ।35
ਕੋਊ ਮਾਰਗ ਮੁਕਤਿ ਕਾ, ਕਹੈ ਗਯਾਨ ਕੋ ਆਪ ।
ਕੋਊ ਮਾਰਗ ਮੁਕਤਿ ਕਾ, ਭਗਤੀ ਕਰੈਂ ਅਲਾਪ ।36
ਕੋਊ ਮਾਰਗ ਮੁਕਤਿ ਕਾ, ਕਹੈ ਕਰਮ ਕੋ ਜਾਨ ।
ਕਰਮ ਬਿਨਾ ਮੁਕਤੀ ਨਹੀਂ, ਕਹੈਂ ਸੁ ਆਪ ਮਹਾਨ ।37

ਚੌਪਈ

ਵਰਣਾਸ੍ਰਮ ਕਰਮ ਹੈਂ ਜੇਤੇ । ਬਿਧਿ ਵਤ ਕਰੈ ਪ੍ਰਾਨੀ ਤੇਤੇ ।
ਤਿਨ ਤੇ ਅੰਤਹਕਰਨ ਮਹਾਨ । ਨਿਰਮਲ ਹੋਇ ਸੁ ਕਰੈਂ ਬਖਾਨ ।38
ਪਾਪਨ ਕਰਿ ਜੋ ਭਯੋ ਮਲੀਨ । ਕਰਮਨ ਤੇ ਹੁਇ ਸੁਧ ਸੁ ਚੀਨ ।
ਅੰਤਹਕਰਣ ਸੁਧ ਭਯੋ ਜਬੈ । ਲਹੈ ਪ੍ਰਾਣੀ ਮੁਕਤਿ ਸੁ ਤਬੈ ।39
ਇਕ ਭਗਤੀ ਤੇ ਮੁਕਤਿ ਬਖਾਨੈ । ਭਗਤੀ ਬਿਨ ਨ ਹ੍ਵੈ ਭਵ ਹਾਨੈ ।
ਭਗਤੀ ਬਿਨਾ ਨ ਮਿਲੈ ਭਗਵਾਨ । ਭਗਤੀ ਬਿਨ ਨਹਿ ਉਪਜੈ ਗਯਾਨ ।40
ਲੋਨ ਬਿਨਾ ਬਿੰਜਨ ਸਭ ਜੈਸੇ । ਭਗਤੀ ਬਿਨ ਸਭ ਕਰਮ ਸੁ ਤੈਸੇ ।
ਨਵ ਬਿਧਿ ਭਗਤੀ ਕਰੈ ਜੁ ਕੋਇ । ਭਵ ਤੇ ਮੁਕਤਿ ਸੁ ਪ੍ਰਾਨੀ ਹੋਇ ।41
ਇਕ ਮੁਖਿ ਭਾਖੈ ਗਯਾਨ ਕੋ, ਭਗਤੀ ਕਰਮ ਅਸਾਰ ।
ਸਾਰਾਸਾਰ ਬਿਚਾਰ ਬਿਨ, ਹੋਇ ਨ ਕਬੀ ਉਧਾਰ ।42
ਸਾਰਾਸਾਰ ਬਿਚਾਰਤੇ, ਉਪਜੈ ਉਰ ਮੈਂ ਗਯਾਨ ।
ਨਾਮ ਉਚਾਰਤ ਗਯਾਨ ਕਾ, ਕੰਪੈ ਉਰ ਅਗਯਾਨ ।43

ਗਯਾਨ ਕਰੈ ਅਗਯਾਨ ਕਾ, ਇਕਲਾ ਨਾਸ ਸੁਜਾਨ।
ਕਰਮ ਸੁ ਭਗਤੀ ਦੁਊ ਮਿਲਿ, ਕਰਿ ਨ ਸਕੈਂ ਤਹ ਹਾਨ।44

ਚੌਪਈ

ਕਰਮ ਸੁ ਭਗਤੀ ਦੁਊ ਮਿਲੋਂ ਧੀ। ਨਹਿ ਅਗਯਾਨ ਕੇ ਸੋਇ ਵਿਰੋਧੀ।
ਗਯਾਨ ਵਿਰੋਧੀ ਤਾਂਹਿ ਸੁ ਜਾਨ। ਦੇਖਤ ਤਾਂਹਿ ਭਗੈ ਅਗਯਾਨ।45
ਰਵਿ* ਕੋ ਦੇਖਤ ਜਿਉ ਨਿਸ ਭਾਗੈ। ਰਹੈ ਨਹੀਂ ਨਿਸ ਰਵਿ ਕੇ ਆਗੈ।
ਤਿਉਂ ਅਗਯਾਨ ਪਲਾਵੈ ਸੋਇ। ਗਯੋ ਅਗਯਾਨ ਮੁਕਤ ਭਯੋ ਓਇ।46
ਗਯੋ ਅਗਯਾਨ ਰਹਯੋ ਨਹੀਂ ਲੇਸ। ਇਸਤੇ ਗਯਾਨ ਸੁ ਕਹੈ ਬਿਸੇਸ।
ਜਿਨ ਜਿਨ ਮੁਖ ਤੇ ਕੀਓ ਬਖਾਨ। ਤਿਨ ਕਾ ਕਹਯਾ ਸਤਜ ਸੁ ਜਾਨ।47

ਦੋਹਰਾ

ਕਰਮਾ ਕਾ ਫਲ ਭਗਤਿ ਹੈ, ਭਗਤੀ ਕਾ ਫਲੁ ਗਯਾਨ।
ਗਯਾਨ ਭਏ ਤੇ ਬਹੁਰਿ ਇਹ, ਪਾਵੈ ਪਦ ਨਿਰਬਾਨ।48

ਚੌਪਈ

ਕਰਮ ਸੁ ਭਗਤੀ ਗਯਾਨ ਮਹਾਨ। ਗੁਰ ਤੇ ਹੋਇ ਸੁ ਪ੍ਰਾਪਤ ਜਾਨ।
ਇਸਤੇ ਗੁਰ ਕੀ ਸੇਵਾ ਕਰੈ। ਰਾਮ ਨਾਮ ਮੁਖ ਤੇ ਸੁ ਉਚਰੈ।49
ਕਰਮ ਸੁ ਭਗਤੀ ਗਯਾਨ ਜੁ ਗਾਵਨਿ। ਰਾਮ ਨਾਮ ਬਿਨ ਹੋਇ ਨ ਪਾਵਨ।
ਨਿਰਗੁਣ ਸਰਗੁਣ ਦੋਇ ਜੁ ਭਾਖੀ। ਨਾਮ ਦੁਊ ਕਾ ਹਯੈ ਸਾਖੀ।50
ਕਹਯੋ ਮੁਕਤਿ ਕਾ ਮਾਰਗ ਏਹੁ। ਯਾਹ ਵਿਖੈ ਕਛੁ ਨਾਹਿ ਸੰਦੇਹ।
ਰਾਗ ਦ੍ਵੈਖ ਮਾਨ ਅਪਮਾਨ। ਨਿੰਦਾ ਉਪਮਾ ਏਕ ਸਮਾਨ।51
ਸੁਖ ਦਖ ਕੰਚਨ ਕਾਂਚ** ਸੁਦੁਕਤਿ। ਨਾਨਕ ਸੋ ਜਨ ਜੀਵਨ ਮੁਕਤ।
ਸ਼ਾਂਤੀ ਖਿਮਾ ਦਯਾ ਭੰਡਾਰ। ਅਰੁ ਪੁਨਿ ਬਾਲਕ ਵਤ ਬਿਉਹਾਰ।52
ਵਚਨਿ ਵਸਤੁ ਬੁਧਿ ਕਛੁ ਨ ਗਹੈ। ਮਦ ਉਨਮਤ ਬਿਰਤਿ ਜਿਉਂ ਰਹੈ।
ਸੁਖੁਪਤਿ ਸਮ ਜਹ ਰਹਨੀ ਹੋਇ। ਜੀਵਨ ਮੁਕਤਿ ਅਵਸਥਾ ਸੋਇ।53
ਜੀਵਨ ਮੁਕਤਿ ਪੁਰਖ ਇਉਂ ਰਹੈ। ਵਚਨ ਵਸਤੁ ਬੁਧਿ ਕਛੁ ਨ ਗਹੈ।
ਉਤਮ ਰਹਨੀ ਇਹੀ ਸੁ ਜਾਨ। ਅਉਰ ਕਛੂ ਪੁਨਿ ਕਰੋ ਬਖਾਨ।54
ਉਤਮ ਸਹਿਜ ਅਵਸਥਾ ਮਾਨੋ। ਮੱਧਜਮ ਧਿਆਨ ਧਾਰਣਾ ਜਾਨੋ।
ਤੀਰਥ ਰਟਨ ਪੜ੍ਹੈ ਪੁਨ ਬਾਣੀ। ਰਹਨੀ ਏਹੁ ਕਨਿਸਟ ਵਖਾਣੀ।55
ਇਸ ਅਵਨੀ ਪਰ ਸੁਖ ਹੈਂ ਜੇਤੇ। ਅਉਰ ਸੁਰਗ ਕੇ ਜਾਨਹੁ ਤੇਤੇ।
ਸਤ ਲੋਕ ਕੇ ਸੁਖ ਪੁਨਿ ਜਾਨ। ਬਾਇਸ ਬਿਸਟਾ† ਸਮ ਤਹਿ ਮਾਨ।56

ਦੋਹਰਾ

ਕਾਕ ਬੀਠ ਸਮ ਜਾਨ ਕਰਿ, ਸਭ ਕੀ ਕਰੈ ਤਿਆਗ।
ਹਰਿ ਗੁਰ ਨਾਨਕ ਇਉਂ ਕਰਯੋ, ਤਾਂਹਿ ਨਾਮ ਬੈਰਾਗ।57
ਕਹੋ ਹੇਤੁ ਬੈਰਾਗ ਕਾ, ਪੁਨਿ ਬੈਰਾਗ ਸਰੂਪ।
ਫਲੂ ਭਾਖੋਂ ਬੈਰਾਗ ਕਾ, ਅਵਧੀ ਬਹੁਰਿ ਨਿਰੂਪ।58

*ਸੂਰਜ **ਸੋਨਾ ਤੇ ਕੱਚ †ਕਾਂ ਦੀ ਵਿੱਠ

### ਕਬਿੱਤ

ਸ਼ਬਦਾਦਿ ਬਿਖੈ ਵਿਖੈ ਦੋਖ ਦ੍ਰਿਸਟੀ ਜੋ ਜਾਨ,*
ਕਾਰਣ ਬੈਰਾਗ ਕਾ ਸੋ ਆਪ ਪਹਿਚਾਨੀਐ ।
ਬਿਖਯੋਂ ਕਾ ਤਯਾਗ ਸੋ ਬੈਰਾਗ ਕਾ ਸਰੂਪ ਜਾਨ,
ਦੀਨ ਔ ਅਧੀਨ ਮਿਟੈ ਫਲੁ ਸੋ ਪਛਾਨੀਐ ।
ਤੀਨ ਲੋਕ ਬਿਖੈ ਭੋਗ ਸਭ ਹੀ ਕੋ ਜਾਨੈ ਰੋਗ,
ਅਵਧੀ ਬੈਰਾਗ ਕੀ ਸੋ ਏਹੀ ਉਰ ਆਨੀਐ ।
ਕਾਰਣ ਸੁਰੂਪ ਫਲ ਅਵਧੀ† ਬੈਰਾਗ ਕਹਯੋ,
ਕਹਯੋ ਗੁਰਦੇਵ ਸੰਤਰੇਣ ਸੋ ਬਖਾਨੀਐ ।59
(ਪ੍ਰਤਾਪ ਖੰਡ, 13 ਅਧਯਾਯ, ਪੱਤਰਾ 780)

*ਸ਼ਬਦ, ਸਪਰਸ, ਰੂਪ, ਰਸ, ਗੰਧ ਆਦਿ ਵਿਸ਼ਿਆਂ ਵਿਚ ਦੋਸ਼ ਦੇਖਕੇ । †ਹੱਦ

## ਸੰਗਲਾਦੀਪ ਦਾ ਪ੍ਰਸੰਗ

ਰਾਜਾ ਸ਼ਿਵਨਾਭ ਦੇ ਆਦੇਸ ਤੇ ਸੁੰਦਰੀਆਂ ਗੁਰੂ ਸਾਹਿਬ ਪਾਸ ਆਉਂਦੀਆਂ ਹਨ ਤਾਂ ਇਥੇ ਸੰਤ ਕਵੀ ਨੇ ਸ਼ਿੰਗਾਰ ਰਸ ਦਾ ਚਿਤ੍ਰ ਵੀ ਚੰਗਾ ਉਲੀਕਿਆ ਹੈ ।

ਦੋਹਰਾ

ਇਕ ਤੇ ਏਕ ਸੁ ਨਾਇਕਾ, ਸੁੰਦਰ ਕੋਮਲ ਅੰਗ ।
ਹਾਰ ਸ਼ਿੰਗਾਰ ਬਨਾਇ ਕਰ, ਮੋਹਨਿ ਚਲੀ ਉਮੰਗ । 44

ਅਮਲਾ ਬਰਨ ਛੰਦ

ਤਿਨ ਖੋੜਸ ਹਾਰ ਸਿੰਗਾਰ ਕਰੇ ਇਕ ਤੇ ਇਕ ਸੁੰਦਰ ਤਾਂਹਿ ਸੁ ਸਾਰੀ ।
ਮੁਖਿ ਖਾਇ ਤਬੋਲ ਕਲੋਲ ਕਰੇ, ਦਮਕੈ ਬਿਜਲੀ ਸਮ ਰੂਪ ਅਪਾਰੀ ।
ਕਲਿ ਸੌਰਭ ਤਾਂਹਿ ਚਲੈ ਤਨੁ ਤੇ, ਜਨੁ ਸੌਰਭ ਕੀ ਪੁਤਲੀ ਸੁ ਸਵਾਰੀ ।
ਨਿਕਲੀ ਪੁਰਿ ਤੇ ਮਿਲਿ ਕੈ ਸਗਲੀ, ਮਿਰਦੰਗ ਮੁਚੰਗ ਬਜਾਵਤਿ ਨਾਰੀ । 45

ਦੋਹਰਾ

ਰੰਭਾ ਅਉਰ ਤਿਲੋਤਮਾ, ਪੁਨੈ ਉਰਬਸੀ ਜੋਇ ।
ਮੋਹਤਿ ਹੋਇ ਸੁ ਦੇਖ ਕਰ, ਐਸੀ **ਲਲਨਾ** ਸੋਇ । 46 ਇਸਤ੍ਰੀ

ਚੌਪਈ

ਅਸਿ ਕਵਿ ਕਉਨ ਜੁ ਉਪਮਾ ਬਰਨੈ । ਲਾਗੀ ਜਾਇ ਨਿਰਤ ਸਭ ਕਰਨੈ ।
ਭਗਵਤਿ ਧਯਾਨ ਵਿਖੈ ਗੁਰ ਸਵਾਮੀ । ਬੈਠੇ ਆਪ ਸੁ ਅੰਤਰਿਜਾਮੀ । 47
ਤਿਨ ਪਰਪੰਚ ਸੁ ਜਾਇ ਪਸਾਰਾ । ਰਾਗੁ ਤਾਨ ਤਿਨ ਬਿਬਿਧ ਉਚਾਰਾ ।
ਧਰੁਪਦ ਛੰਦ ਪ੍ਰਬੰਧ ਸੁ ਗਾਂਵਹਿ । ਹਾਵ ਭਾਵ ਕਰਿ ਰੂਪ ਦਿਖਾਂਵਹਿ । 48

ਸਵੈਯਾ

ਤਨ ਅੰਚਲਿ ਕੇ ਉਕਸੈ ਕਬਹੂ, ਕੁਦ ਠੌਰ ਦਿਖਾਇਸੁ ਖੋਲਹਿ ਚੋਲੀ ।
ਚੁਨਰੀ ਉਕਸੈ ਮਦ ਮਾਹਿ ਭਰੀ ਕਬਹੂੰ ਮੁਖਿ ਢਾਂਪ ਦਿਖਾਵਹਿ ਖੋਲੀ ।
ਨਿਜ ਅੰਗ ਦਿਖਾਇ ਸੁ ਸੈਨਿ ਚਲਾਇਸੁ ਮੋਹਨਿ ਕੀ ਸਭ ਬੋਲਹਿ ਬੋਲੀ ।
ਸਗਲੀ ਜਨੁ ਕੰਚਨ ਕੀ ਪੁਤਲੀ, ਗੁਤਲੀ ਰਸ ਰੂਪ ਵਿਖੇ ਸਰਸੋਲੀ । 49
ਮਿਰਦੰਗ ਮੁਚੰਗ ਉਪੰਗ ਧੁਨੀ ਇਕ ਸਾਜ ਬਜੈ ਇਕ ਲੇਵਹਿ ਫੇਰੀ ।
ਇਕ ਗਾਨ ਕਰੈ ਇਕ ਨਾਚਤਿ ਹੈਂ, ਇਕ ਭਾਖਤਿ ਹੈਂ 'ਤੁਮਰੀ ਹਮ ਚੇਰੀ ।'
ਤੁਮ ਨੈਨ ਉਘਾਰ ਪਿਖੋ ਹਮ ਕੋ, ਰਸ ਮਾਹਿ ਰਮੋ ਕਿਮ ਲਾਵਹੁ ਬੇਰੀ ।
ਕਿਸ ਕਾਰਨ ਬੈਠਿ ਰਹੇ ਚੁਪਕੇ, ਹਮ ਸੰਗ ਰਮੋ ਲਲਨਾ ਹਮ ਤੇਰੀ । 50

ਦੋਹਰਾ

ਕਰਿਯੋ ਬਹੁ ਬਕਿਬਾਦਿ ਤਿਨਿ, ਚਲਯੋ ਨ ਬਲ ਪਰਤਾਪ ।
ਤਿਨ ਸਿਉ ਕੋਇ ਨ ਬੋਲਿਯੋ, ਗਈ ਸੁ ਫਿਰਿ ਕਰਿ ਆਪ । 51

ਇਤਿ ਸ੍ਰੀ ਮਤਿ ਨਾਨਕ ਬਿਜੈ ਗ੍ਰੰਥੇ ਸਿੰਗਲਾ ਦੀਪ ਖੰਡੇ ਅੰਗਦ ਵਾਮਦੇਵ ਸੰਬਾਦੇ, ਨਾਮ ਪ੍ਰਿਥਮੋ ਧਿਆਇ ।

### ਸ੍ਰੀ ਵਾਮਦੇਵੋਂ ਵਾਚ ਦੋਹਰਾ

ਹਮ ਛਲਿ ਬਲਿ ਬਹੁ ਕਰਿ ਥਕੀ, ਨਾਹਿ ਸੁ ਬੋਲੇ ਸੰਤ।
ਕਹਯੋ ਭੂਪ ਪੈ ਜਾਇ ਕੈ, ਸਤਤ ਸੁ ਸਭਿ ਭਗਵੰਤ। 1
ਬਹੁਰਿ ਨਾਇਕਾ ਸੰਗ ਦੈ, ਨਿਰਪ ਪਠਾਈ ਸੋਇ।
ਬੈਠੇ ਗੁਰੂ ਧਿਆਨ ਮੈਂ, ਰਾਮ ਕਰੈ ਸੋ ਹੋਇ। 2

### ਸਵੈਯਾ

ਫੂਲ ਫੁਲੇਲ ਲਗਾਇ ਸੁ ਚੰਦਨ, ਅੰਜਨ ਨੈਨਨ ਮਾਹਿ ਸੁ ਡਾਰੇ।
ਆਇ ਲਗੀ ਕਰਨੇ ਬਕਥਾਦਿ ਸਭੀ ਲਲਨਾ ਗੁਰਦੇਵ ਅਗਾਰੇ।
ਦੇਖਿ ਸਰੂਪ ਸਭੈ ਤੁਮਰਾ ਹਮ ਮੋਹਤਿ ਹੋਇ ਗਈ ਨਿਰਧਾਰੇ।
ਮਾਰੂ ਹੁਤਾਸਨਿ ਜਾਤ ਜਰੇ, ਤਨੁ, ਸ਼ਾਂਤਿ ਕਰੋ ਤੁਮ ਆਪ ਉਦਾਰੇ। 3
ਆਨ ਕਹਯੋ ਹਮਰੋ ਅਖਿ ਖੋਲ ਕਲੋਲ ਕਰੋ ਹਮ ਸੰਗ ਬਿਨਾਨੀ।
ਕੇਲ ਕਰੋ ਹਮ ਸੋਂ ਮਿਲਿ ਕੈ ਤੁਮ ਨਾਹਿਨ ਹ੍ਵੈ ਤੁਮਰੀ ਕਛੁ ਹਾਨੀ।
ਬਾਰਹਿ ਬਾਰ ਕਹੈ ਤੁਮਕੋ ਹਮ ਮਾਨ ਕਹਯੋ ਹਮਰੋ ਸੁਖ ਦਾਨੀ।
ਲਾਜ ਬਿਹੀਨ ਮਲੀਨ ਮਤੀ ਸਠ ਬੋਲਹਿ ਆਪ ਪੜਾ ਪੜਿ ਬਾਨੀ। 4
ਮਾਨ ਕਹਯੋ, ਤਜਿ ਜੋਗ ਸਮਾਧਿ ਕਲੋਲ ਕਰੋ ਮਿਲਿ ਸੰਗ ਹਮਾਰੇ।
ਨਾਹਿੰ ਬਿਲੰਬ ਕਰੋ ਉਠ ਬੇਗ ਚਲੋ ਬਨ ਭੀਤਰ ਤਾਲ ਕਿਨਾਰੇ।
ਭਾਮਨਿ ਕਾਮਨਿ ਕਾਮ ਭਰੀ ਸਭ ਹੀਨ ਮਤੀ ਕਛੁ ਨਾਹਿ ਬਿਚਾਰੇ।
ਬਾਰਹਿ ਬਾਰ ਬਕੈਂ ਮੁਖਿ ਤੇ ਸਭ ਨਾਹਿ ਗੁਰੂ ਪਰ ਨੈਨ ਉਘਾਰੇ। 5
ਲਾਜ ਨਹੀ ਤਿਨ ਕੇ ਮਨ ਮੈ ਕਛੁ ਲਾਜ ਮਨੋ ਤਿਨ ਬੇਚ ਸੁ ਖਾਈ।
ਨਾਰਨਿ ਜਾਤ ਬਡੀ ਕਮਜ਼ਾਤ ਛਲੇ ਬ੍ਰਹਮਾ ਸ਼ਿਵ ਨਾਰਨਿ ਜਾਈ।
ਸੁੰਭ ਨਿਸੁੰਭ ਛਲੇ ਸਬਲੀ ਅਤਿ ਭਾਮਨਿ ਕਾਮਨਿ ਤਾਹਿਸੁ ਪਾਈ।
ਔਰਨਿ ਕੀ ਗਨਤੀ ਕਿਨ ਮੈ ਤਬ ਸੋਇ ਬਚੈ ਜਹ ਰਾਮ ਸਹਾਈ। 6
ਰੂਪ ਦਿਖਾਇ ਹਰੇ ਸਭ ਕਾਮਨਿ ਹਾਥ ਨ ਪਾਂਵ ਲਗਾਂਇ ਉਦਾਰੇ।
ਨੈਨਨ ਕੋਰ ਮਰੋਰ ਧਰੈਂ ਉਰ ਸਾਬਤਿ ਜਾਣ ਨ ਪਾਇ ਅਗਾਰੇ।
ਬਾਤ ਕਰੈਂ ਤਬ ਪ੍ਰਾਨ ਹਰੈਂ ਮਨ ਕੇ ਟੁਕਰੇ ਟੁਕਰੇ ਕਰਿ ਡਾਰੇ।
ਸੰਤਹਿ ਰੇਣ ਕਹੈ ਅਬਲਾ ਬਿਨ ਹੀ ਬਰਛੀ ਤਲਵਾਰ ਸੁ ਮਾਰੇ। 7
ਤਨ ਤੇ ਸੁ ਸੁਗੰਧ ਚਲੈ ਲਪਟਾਂ, ਜਨ ਕੰਚਨ ਕੀ ਪੁਤਲੀ ਤਨ ਸੋਹੈ।
ਸਸਿ ਸੀ ਬਦਨੰ ਮਧੁਰੰ ਮਧੁਰੰ ਮੁਖ ਵਾਕ ਕਟਾਖਸੁ ਮੁਨੀ ਮਨ ਮੋਹੈ।
ਤਿਨ ਚਾਲ ਮਰਾਲ ਬਿਸਾਲ ਮਹਾਜਨ ਡੂਬਨ ਕੋ ਸੁ ਮਨੋ ਬਡਿ ਡੋਹੈ।
ਤਿਨ ਦੇਖ ਸਰੂਪ ਨ ਮੋਹਤਿ ਹ੍ਵੈ ਜਗ ਸੰਤਹਿਰੇਣ ਕਹੋ ਅਸ ਕੋ ਹੈ। 8

### ਮਨਹਰਿ ਛੰਦ

ਰੂਪ ਭਰੀ ਰਸ ਭਰੀ ਨੈਨ ਮੈਨ ਐਨ ਭਰੀ, ਰੂਪ ਕੀ ਖਮਾਰੀ ਮੈਂ ਬਜਾਵੈਂ ਏਕ ਬਾਂਸੁਰੀ।
ਮਧੁਰ ਮਧੁਰ ਸੁਰ ਬੰਸੁਰੀ ਬਜਾਇ ਆਲੀ, ਰੂਪਵੰਤਿ ਐਸੀ ਤੈਸੀ ਨਾਹੀ ਸੁਰੀ ਆਸਰੀ।

ਜਸਵੰਤਿ ਰੂਪਵੰਤਿ ਦੇਖਿ ਮੋਹੈ ਉਮਾ ਕੰਤਿ, ਗਾਨ ਕਲਾ ਆਗੈ ਰੰਭਾ ਉਰਬਸੀ ਦਾਸੁਰੀ ।
ਛੰਦ-ਪਰਬੰਧ ਸਭ ਰਾਗ ਮੈਂ ਅਲਾਪ ਕਰੈਂ, ਰਾਮ ਨਾਮੁ ਬਿਨਾਂ ਮੋਲ ਪਰੈਂ ਨਹੀ ਨਾਸੁਰੀ । 9

ਬਰਨ ਛੰਦ

ਰਸ ਰੀਤ ਕੀ ਬਾਤ ਕਹੈਂ ਸਭ ਹੀ ਕਬ ਹੀ ਇਕ ਬਾਤ ਨ ਔਰ ਉਚਾਰੈਂ ।
ਧਨ ਧਾਨ ਭਰੀ ਸੁ ਗੁਮਾਨ ਭਰੀ ਮਦਨਾਗ ਜਰੀ ਸੁਰ ਊਚ ਪੁਕਾਰੈਂ ।
ਇਕ ਕੋ ਇਕ ਸੈਨ ਕਰੈਂ ਸਜਨੀ ਨਿਜ ਭੌਂਹਨਿ ਖੈਂਚ **ਸਿਲੀ ਮੁਖ** ਮਾਰੈਂ । ਤੀਰ
ਕਰ ਹਾਉ ਸੁਭਾਉ ਥਕੀ ਸਭ ਹੀ, ਗੁਰ ਨਾਨਕ ਨਾਹਿਨ ਨੈਨ ਉਘਾਰੈ । 10
ਦੇਖ ਸਰੂਪ ਭਈ ਮਗਨੰ ਲਲਨਾ ਜਿਤਨੀ ਤਿਨ ਭੂਪ ਪਠਾਈ ।
ਬਾਂਨ ਮਨੋ ਜਲਗੇ ਹਿਰਦੇ ਉਰ ਬੇਧ ਦਯੋ ਸਭ ਮਾਰ ਗਿਰਾਈ ।
ਭੂਲ ਗਈ ਤਿਨ ਕੋ ਤਨ ਕੀ ਸੁਧ ਮੂਰਛ ਖਾਇ ਪਰੀ ਧਰਿ ਜਾਈ ।
ਹਾਲ ਬਿਹਾਲ ਭਯੋ ਤਿਨਕਾ ਸਭ ਭੂਪ ਬਿਨਾ ਤਿਨ ਕੌਨ ਉਠਾਈ । 11
ਉਠ ਕੈ ਪੁਨਿ ਬੋਲਤਿ ਫੇਰਿ ਭਈ ਹਮ ਕੋ ਤੁਮ ਕਾਰਨੇ ਭੂਪ ਪਠਾਯੋ ।
ਹਮ ਸਿਉਂ ਮਿਲਿ ਕੇ ਤੁਮ ਕੇਲ ਕਰੋ ਅਪਨਾ ਪ੍ਰਭਾਵ ਸੁ ਤਾਂਹਿ ਦਿਖਾਯੋ ।
ਪਰ ਮੋਹਤਿ ਨਾਹਿ ਭਏ ਤਿਨਤੇ ਤਬ ਔਰ ਉਪਾਇ ਸੁ ਤਾਂਹਿ ਬਨਾਯੋ ।
ਤਿਨ ਨਾਜਕਤਾ ਅਪਨੀ ਬਰਨੀ ਅਪਨਾ ਅਪਨਾ ਕਹਿ ਭਾਵ ਸੁਨਾਯੋ । 12

ਚੌਪਈ

ਪਹਲੀ ਨਾਇਕ ਬੋਲੈ ਇਯੋ । ਬਾਟ ਚਲੈ ਸੋ ਜੀਵੈ ਕਿਯੋ ।
ਸਿਹਜਾ ਤੇ ਮੋਕੋ ਇਕ ਬਾਰੇ । ਪਕੜਿ ਉਤਾਰੀ ਕੰਤ ਹਮਾਰੇ । 13
ਧਰਨੀ ਪਰ ਪਗ ਲਾਗਿਉ ਜਬ ਹੀ । ਛਾਲੇ ਪਰੇ ਪਾਉਂ ਮੈਂ ਤਬ ਹੀ ।
ਐਸੀ ਕੋਮਲ ਦੇਹਿ ਹਮਾਰੀ । ਮੋ ਸਮ ਦੂਜੀ ਨਾਹਿਨ ਨਾਰੀ । 14
ਪਗ ਸਿਉ ਚਲਿ ਆਈ ਤਵ ਖਾਤਰਿ । ਹਮ ਸੋ ਕੇਲ ਕਰੋ ਤੁਮ ਚਾਤਰਿ ।
ਦੂਜੀ ਨਾਇਕਿ ਬਚਨਿ ਉਚਾਰੇ । ਭਾਰ ਉਠਾਇ ਸਕਿਓ ਨਹਿਮਾਰੇ । 15

ਸਲੋਕ

ਹਾਰ ਸ਼ਿੰਗਾਰ ਕਾ ਬਿਰਛ ਇਕ ਆਹਿ ਹਮਾਰੇ ਬਾਰ ।
ਫੂਲ ਲਗੈ ਬਹੁ ਤਾਂਹਿ ਕੋ, ਲਾਯੋ ਕੰਤ ਹਮਾਰ । 16

ਚੌਪਈ

ਤਿਸਕਾ ਪੁਸ਼ਪ ਟੂਟਿ ਇਕ ਹਰਿਆ । ਸੋ ਮੇਰੇ ਸਿਰ ਊਪਰਿ ਪਰਿਆ ।
ਕੰਤ ਨਾ ਪਕਰੈ ਜੇ ਮਮ ਬਾਂਹਿ । ਗਰਕਿ ਗਈ ਹੋਤੀ ਧਰਨਿ ਮਾਹਿ । 17
ਐਸੀ ਨਾਜਕਿ ਦੇਹ ਹਮਾਰੀ । ਮੋ ਸਮ ਨਾਹਿ ਨ ਦੂਸਰ ਨਾਰੀ ।
ਸੋ ਮੈ ਤੁਮਰੀ ਖਾਤਰ ਆਈ । ਹਮ ਸੋ ਕੇਲ ਕਰੋ ਸੁਖਦਾਈ । 18
ਪ੍ਰੀਤਮ ਜਾਨ ਕਰੌਂ ਤਵ ਸੇਵਾ । ਤਵ ਚਰਨਨਿ ਕਾ ਮੋ ਮਨ ਹੇਵਾ ।
ਤੀਜੀ ਨਾਇਕ ਬੋਲੈ ਐਸੇ । ਅੰਨ ਖਾਂਇ ਸੋ ਜੀਵੈ ਕੈਸੇ । 19
ਸੋ ਹਲਕਾ ਦਾਨਾ ਇਕ ਲਯੋ । ਪੀਸਨ ਵਾਲੀ ਕੋ ਸੋ ਦਯੋ ।
ਤਿਨ ਲੈ ਕੇ ਸੋ ਪੀਸਿਉ ਦਾਣਾ । ਦਸ ਬਿਰ ਪੀਸਾ ਦਸ ਬਿਰ ਛਾਣਾ । 20

ਤਿਸ ਕਾ ਖਾਯੋ ਦਸਵਾਂ ਭਾਇ। ਭਰਿਯੋ ਪੇਟਿ ਰਹੀ ਨਹੀਂ ਜਾਇ।
ਜਿਉ ਤਿਉ ਕਰਿ ਮੈਂ ਪਾਇ ਸੁ ਲਯੋ। ਪਰ ਮੋ ਪੇਟਿ ਫੂਲ ਨਭ ਗਯੋ। 21
ਐਸੀ ਨਾਜ਼ੁਕ ਮੈ ਸੁਖਦਾਈ। ਤੁਮਰੀ ਖਾਤਰਿ ਮੈਂ ਚਲਿ ਆਈ।
ਹਮ ਕੋ ਰਾਖੋ ਅਪਨੇ ਸੰਗ। ਸੇਵਾ ਤੁਮਰੀ ਕਰੋ ਉਮੰਗਿ। 22
ਹਮ ਸੋ ਰਮੋ ਨਿਰੰਤਰਿ ਦੇਵਾ। ਨਿਜ ਪਤਿ ਜਾਨ ਕਰੋ ਤਵ ਸੇਵਾ।
ਤੁਮ ਸਮ ਕੰਤ ਨ ਮੈਂ ਸਮ ਨਾਰੀ। ਅਪਨੀ ਮਹਿਮਾ ਤਾਹਿ ਉਚਾਰੀ। 23
ਮੋ ਸੋ ਕੇਲ ਕਰੈ ਨਰ ਜੋਇ। ਤਿਸ ਕੋ ਦੁਖ ਸੁਪਨੈ ਨਹੀ ਹੋਇ।
ਚਉਥੀ ਨਾਇਕਿ ਬੋਲੀ ਐਸੇ। ਕਾਮ ਕਰੈਂ ਸੋ ਜੀਵਹਿ ਕੈਸੇ। 24

ਦੋਹਰਾ

ਕਿਨੈ ਪੜੋਸਨਿ ਆਪਨੇ, ਘਰਿ ਮੈ ਕੂਟੇ ਧਾਨ।
ਕੂਟੇ ਤਾਂਹਿ ਛਪਾਇਕੈ, ਧਮਕਿ ਪਰੀ ਮਕਾਨ।

ਚੌਪਈ

ਤਾਹਿ ਨਿਰਦਈ ਐਸੇ ਛਰੇ। ਹਾਥ ਹਮਾਰੇ ਛਾਲੇ ਪਰੇ।
ਸੁਨ ਕਰਿ ਧਮਕਿ ਪਰੇ ਹਥ ਛਾਲੇ। ਸੁਨਿ ਕਰਿ ਹਾਲਾਂਹੂੰ ਭਈ ਬਿਹਾਲੇ। 26
ਮਰਤੀ ਥੀ ਪਰ ਬਿਘਨ ਸੁ ਟਲਾ। ਭਗਵਤਿ ਕੀ ਅਦਭੁਤਿ ਹੈ ਕਲਾ।
ਮੋ ਸਮ ਨਾਜ਼ੁਕਿ ਲਲਨਾ ਨਾਹਿ। ਦੇਖਿਯੋ ਢੂੰਢਿ ਜਗਤਿ ਕੇ ਮਾਹਿ। 27

ਦੋਹਰਾ

ਰੰਭਾ ਅਉਰ ਤਿਲੋਤਮਾ, ਬਹੁਰਿ ਉਰਬਸੀ ਜੋਇ।
ਮਮ ਚੇਰੀ **ਪਾਟੰਤਰੇ,** ਪੁਜੈ ਨ ਸਗਲੀ ਸੋਇ। 28 ਸਮਾਨ

ਚੌਪਈ

ਬਰ ਸੁਗੰਧ ਮਮ ਤਨੁ ਤੇ ਆਵੈ। ਮਾਰ ਤੀਅ ਮਮ ਦੇਖਿ ਲਜਾਵੈ।
ਮਮ ਸਮ ਦੂਜੀ ਨਾਹਿਨ ਨਾਰੀ। ਹਮਰੀ ਇਛਿਆ ਕਰੇ ਨ ਗਾਰੀ। 29
ਤੁਮਰੇ ਭਾਗ ਬਡੇ ਸੁਖਦਾਈ। ਤੁਮਰੀ ਖਾਤਰਿ ਮੈਂ ਚਲਿ ਆਈ।
ਅਪਨੀ ਲਲਨਾ ਮੋਹਿ ਬਨਾਵਉ। ਹਮ ਸੰਗ ਰਮੋ ਪਰਮ ਸੁਖ ਪਾਵਉ। 30
ਕਾਮ ਕਲਾ ਮੋਕੋ ਸਭ ਆਵੈ। ਹਾਵ ਭਾਵ ਕਰ ਰੂਪ ਦਿਖਾਵੈ।
ਹਮਰੀ ਆਪ ਗਹੋ ਤੁਮ ਬਾਂਹਿ। ਹਮਰਾ ਕਰੋ ਨਿਰਾਦਰਿ ਨਾਹਿ। 31
ਹਮ ਸੋ ਕੇਲ ਕਰੈ ਨਰ ਜੋਇ। ਕਬਹੂੰ ਬਿਰਧ ਹੋਇ ਨਹੀ ਸੋਇ।
ਨਿਜ ਪਤਿ ਜਾਨ ਕਰੋ ਤਵ ਸੇਵਾ। ਮਾਨੋ ਤੋਹਿ ਨਿਰੰਤਰਿ ਦੇਵਾ। 32

ਦੋਹਰਾ

ਆਪ ਅਪਨੀ ਬਰਨਤਾ, ਕਹੀ ਨਾਇਕਾ ਸਰਬ।
ਤਿਨ ਵਲਿ ਗੁਰੂ ਨ ਦੇਖਿਯੋ, ਬਹੁਰਿ ਚੜ੍ਹਿਓ ਤਿਨ ਗਰਬ। 33

ਇਤਿ ਸ੍ਰੀ ਮਤਿ ਨਾਨਕ ਬਿਜੈ ਗ੍ਰੰਥ ਸਿੰਗਲਾਦੀਪ ਖੰਡੇ ਅੰਗਦ ਵਾਮਦੇਵ ਸੰਬਾਦੇ ਨਾਮ ਦੁਤੀਯ ਧਿਆਇ।

### ਸ੍ਰੀ ਵਾਮਦੇਵੋਂ ਵਾਚ ਗੀਯਾ ਛੰਤੁ

ਇਕ ਹਸਤਨੀ ਇਕ ਚਿਤਰਨੀ ਇਕ ਪਦਮਨੀ ਪਹਿਚਾਨਿਯੋ।
ਇਕ ਤੇ ਇਕ ਸੋ ਨਾਇਕਾ ਸਭ ਪਰਮ ਸੁੰਦਰ ਜਾਨਿਯੋ।
ਆਪਨਿ ਅਪਨੀ ਬਰਨਤਾ ਤਿਨ ਕਹੀ ਸਭਨਿ ਸੁਨਾਇਕੈ।
ਪਰਪੰਚ ਕਰਿਯੋ ਆਪਨਾ ਤਿਨ ਸਭਨ ਮਨ ਤਨ ਲਾਇਕੇ। 1

### ਕਿਰੀਟ ਛੰਦ

ਨਾਜਕਿਤਾ ਅਪਨੀ ਅਪਨੀ ਤਿਨ ਆਪ ਕਹੀ ਗੁਰ ਮੋਹਨਿ ਕਾਰਨਿ।
ਮੋਹਨਿ ਕੋ ਪਰਪੰਚ ਕਰਯੋ ਪਰ ਮੋਹਤਿ ਨਾਹਿ ਭਏ ਭਵ ਤਾਰਨਿ।
ਮਾਰਨਿ ਔਰ ਉਚਾਟਨਿ ਆਦਿਕ ਫਾਰ ਕਰਯੋ ਪਰਪੰਚ ਗਵਾਰਨਿ।
ਨਾਹਿ ਚਲਯੋ ਤਿਨ ਕਾ ਬਲਿ ਰੰਚਕਿ ਦਾਮਨ ਸਾਗਰੁ ਜਯੋ ਨਗਬਾਰਨਿ। 2

### ਅਮਲਾ ਕਿਰੀਟ ਛੰਦ

ਪੁਨ ਤਾਂਹਿ ਰਤੀ ਪਤਿ ਯਾਦ ਕਰਯੋ, ਝਬਿ ਫੈਲ ਰਚਯੋ ਲਲਨਾ ਪ੍ਰਪੰਚਨ।
ਤਿਨ ਆਇ ਪ੍ਰਪੰਚ ਰਚਯੋ ਅਪਨਾ ਬਰਿ ਸੰਗ ਲਿਆਇ ਤਿਲੋਤਮ ਬੰਚਨਿ।
ਰੁਤ ਤਾਹਿ ਬਸੰਤੁ ਰਚੀ ਛਿਨ ਮੈ ਖਗ ਮੰਦ ਸੁਗੰਧ ਸੁਸੀਤਲੁ ਸੰਚਨਿ।
ਇਤਿ ਕੋਕਲ ਕੀਰ ਮਯੂਰ ਕਰੈ ਰਵ ਨਾਚਤਿ ਹੈਂ ਲਲਨਾ ਜਨੁ ਕੰਚਨਿ। 3

### ਅਮਲਾ ਛੰਦ

ਇਕ ਗਾਨ ਕਰੈ ਲਲਨਾ ਪਰਪੰਚਨਿ, ਨਾਚਤਿ ਹੈਂ ਇਕ ਦੇ ਕਰਿ ਤਾਲੀ।
ਇਕ ਝਾਲਰ ਤਾਲ ਮ੍ਰਿਦੰਗ ਮੁਚੰਗ ਬਜਾਵਤ ਹੈਂ, ਮਿਲਿ ਤਾਹਿ ਸੁ ਆਲੀ।
ਇਕ ਘੁੰਘਟਿ ਖੋਲਿ ਢਪੈ ਮੁਖਿ ਕੋ ਕਰਿ ਹਾਵ ਸੁਭਾਵ ਦਿਖਾਂਵਹਿ ਬਾਲੀ।
ਇਕ ਨੈਨਨਿ ਕੋਰ ਕਟਾਛਨਿ ਬਾਨ ਸੁ ਮਾਰਤਿ ਹੈਂ ਲਲਨਾ ਦਰਹਾਲੀ। 4

### ਕਰੀਟ ਛੰਦ

ਮੋਹਨਿ ਤਾਪਨਿ ਔਰ ਬਸਕਰਨੰ ਉਦਮਾਦਿਨ ਔਰ ਉਚਾਟਨਿ।
ਪਾਂਚਹੁ ਬਾਨ ਰਤੀ-ਪਤਿ ਕੇ ਉਰ ਮਾਰਤਿ ਹੈ ਜੁ ਬਿਰਹਿ ਤਨ ਕਾਟਨਿ।
ਭੌਂਹਿ ਕਮਾਨਹ ਨੈਕ ਸਿ ਬਾਨ ਦਿਖਾਵਤਿ ਹੈਂ ਅਪਨਾ ਬਲਿ ਸਾਟਨਿ।
ਮੋਹਿਤ ਨਾਂਹਿ ਭਏ ਤਿਨ ਤੇ ਬਹੁ ਭਾਂਤਿ ਕਰਯੋ ਅਪਨਾ ਤਿਨ ਠਾਟਨਿ। 5

### ਸਵੈਯਾ

ਪਗ ਨੂਪਰ ਝਾਂਜਰ ਬਾਜਤਿ ਹੈ ਠੁਮਕ ਠੁਮਕ ਲਲਨਾ ਮਿਲਿ ਨਾਚੈ।
ਮਦ ਮਾਹਿ ਭਰੀ ਅਬਲਾ ਸਗਲੀ ਇਕ ਅੰਗ ਦਿਖਾਇ ਸੁ ਝੂਠਹਿ ਸਾਚੈ।
ਰਸ ਕੇਲ ਕਰੈ ਇਕ ਆਪਸ ਮੈਂ ਮਿਲਿ ਅੰਚਰਿ ਕੋ ਉਰ ਤੈ ਇਕ ਆਂਚੈ।
ਜੁ ਨਹੀ ਕਹਿਨਾ ਸੁ ਕਹੈਂ ਮੁਖਿ ਤੇ, ਤਿਨ ਕੇ ਛਲ ਤੇ ਨਰ ਕੋਇ ਨ ਬਾਚੈ। 6

ਰਸ ਕੀ ਮੁਖਿ ਬਾਤ ਬਨਾਇ ਕਹੈਂ ਸਭ ਲਾਜ ਨਹੀ ਤਿਨਕੋ ਨਿਰਲਾਜੈ ।
ਇਕ ਤਾਨ ਟਪੇ ਮੁਖਿ ਗਾਵਤਿ ਹੈਂ, 'ਇਕ ਨਾਚਤਿ ਹੈ' ਘੁੰਘਰੂ ਪਗ ਬਾਜੇ ।
ਛਨਨੰ ਛਨਨੰ ਛਨਕਾਰ ਕਰੈ ਧਵਨਿ ਕਾਨ ਵਿਖੈ ਤਿਨਕੀ ਅਤਿ ਛਾਜੇ ।
ਰਸ ਰੂਪ ਭਰੀ ਮੁਖਿ ਬਾਤ ਕਹੈਂ ਇਕ ਆਇਨਗੀਚਸੁ ਬੀਨਨਵਾਜੇ । 7
ਘਨਨੰ ਘਨਨੰ ਘਨਘੋਰ ਕਰੈ ਇਤਿ ਸੀਤਲੁ ਪੌਨ ਚਲੈ ਸੁਖਦਾਈ ।
ਇਤਿ ਕੋਕਲਿ ਕੀਰ ਮਯੂਰਿ ਕਰੈ ਰਵ ਕਾਮ ਚਮੂੰ ਜਨ ਹੈ ਚੜਿ ਆਈ ।
ਇਤਿ ਭੌਰ ਗੁੰਜਾਰ ਕਰੈ ਪੁਸਪੰ ਜਨੁ ਜੀਤਨ ਕੀ ਤਿਨ ਨੌਬਤਿ ਵਾਈ ।
ਅਬਲਾ ਇਤਿ ਗਾਨ ਕਰੈਂ ਮਿਲਿ ਕੈ ਬਟਨਾ ਤਿਨ ਅੰਗ ਸੁਗੰਧ ਲਗਾਈ । 8
ਠੁਮਕੰ ਠੁਮਕੰ ਪਗ ਭੂਮਿ ਧਰੈ ਘੁੰਘਰੂ ਛਨਕੈ ਜਨੁ ਨੌਬਤਿ ਘੋਰੈ ।
ਛਨਨੰ ਛਨਨੰ ਛਨਕਾਰ ਕਰੈਂ ਤਨਨੰ ਤਨਨੰ ਕਰਿ ਤਾਨ ਸੁ ਤੋਰੈ ।
ਗੁਟਕੰ ਗੁਟਕੰ ਲਲਨਾ ਸੁ ਹਸੈ ਚਟਕੰ ਚਟਕੰ ਕਰ ਹਾਥ ਮਰੋਰੈ ।
ਸਟਕੰ ਸਟਕੰ ਦ੍ਰਿਗ ਜਾਇ ਕਬੂ, ਹਟਕੰ ਹਟਕੰ ਪੁਨਿ ਆਇ ਪਿਛੋਰੈਂ । 9 ।

ਲਲਨਾ ਵਾਚ

ਹਮ ਹਾਰ ਗਈ ਨਚਤੀ ਨਚਤੀ, ਹਮਰੀ ਵਲਿ ਡੀਠ ਨਹੀਂ ਤੁਮ ਜੋਰੀ ।
**ਨਵਨੀਤ** ਪਟੋਂ ਤਨ ਕੋਮਲ ਅੰਗ, ਸੁਗੰਧ ਚਲੈ ਦਸਹੂੰ ਦਿਸ ਮੋਰੀ । ਮੱਖਣ
ਕਿਸ ਕਾਰਨ ਤੇ ਤੁਮ ਮੋਨਿ ਭਜੀ, ਤੁਮ ਤੇ ਹਮ ਮਾਂਗਤ ਨਾਹਿ ਸਜੋਰੀ ।
ਹਮ ਸੋਂ ਤੁਮ ਕੇਲ ਕਰੋ ਉਠਿ ਕੈ, ਲਲਨਾ ਸਗਲੀ ਹਮ ਆਂਹਿ ਸੁ ਤੋਰੀ । 10 ।
ਅਤਿ ਸੌਰਭ ਜਾਹਿ ਚਲੈ ਤਨ ਤੇ ਲਲਨਾ ਤੁਮ ਖਾਤਿਰਿ ਏਹੁ ਸਜੀ ਹੈ ।
ਤੁਮ ਕੇਲਿ ਕਰੋ ਇਸ ਸੋਂ ਮਿਲ ਕੈ ਇਸਕੀ ਜਸੁ ਨੌਬਤਿ ਲੋਕ ਬਜੀ ਹੈ ।
ਬ੍ਰਹਮਾ ਸ਼ਿਵ ਚਾਹਿ ਕਰੇ ਇਸਿ ਕੀ ਤੁਮ ਮਾਨ ਰਖੋ ਇਸਕੀ ਮਰਜ਼ੀ ਹੈ ।
ਤੁਮ ਸੰਕ ਤਜੋ ਇਸਿ ਸੰਗ ਰਮੋਂ ਕਿਸ ਕਾਰਨ ਤੇ ਤੁਮ ਮੋਨਿ ਭਜੀ ਹੈ । 11 ।
ਇਹ ਜੋਬਨਿ ਮੈਂ ਭਰਿਪੂਰਿ ਭਈ, ਅਬ ਲੌਂ ਪਰ ਮਾਨੁਖ ਹਾਥ ਨ ਲਾਯੋ ।
ਸਭ ਕੇਲਿ ਕਲੋਲ ਸਿਖੇ ਇਸਿਨੈ, ਮਦਨੰ ਇਸਿ ਊਪਰ ਲੈ ਸਰ ਧਾਯੋ ।
ਤੁਮ ਕੇਲਿ ਕਰੋ ਇਸਿ ਸੋਂ ਮਿਲਿ ਕੈ ਤੁਮ ਖਾਤਰਿ ਜੋਬਨਿ ਯਾਹਿ ਬਢਾਯੋ ।
ਸਭ ਦੇਖਹਿ ਦੇਵ ਬਿਬਾਨ ਚੜੇ ਸਗਲਾ ਨਭ ਮੰਡਲ ਜਾਨ ਛਕਾਯੋ । 12 ।
ਸੁਰ ਦੇਖਹਿ ਬੈਠਿ ਬਿਬਾਨਨ ਮੈਂ ਲਲਨਾ ਅਪਨਾ ਬਲਿ ਲਾਇ ਰਹੀ ਹੈ ।
ਤਨ ਤੇ ਮਨ ਤੇ ਬਲਿ ਲਾਇ ਰਹੀ ਪਰ ਨਾਹਿ ਹਲੇ ਥਕਿ ਬਾਤ ਕਹੀ ਹੈ ।
ਪਰਿ ਪੂਰਨ ਬ੍ਰਹਮ ਸਨਾਤਨ ਏ, ਜਿਨਿ ਵਿਸ੍ਵ ਰਚੀ ਇਹੁ ਆਪ ਵਹੀ ਹੈ ।
ਇਸ ਮੈ ਕਛੁ ਰੰਚਕਿ ਝੂਠਿ ਨਹੀਂ, ਤਿਨ ਆਪ ਕਹਯੋ ਯਹਿ ਬਾਤ ਸਹੀ ਹੈ ।13।
ਹਮ ਕੋ ਨਰ ਦੇਖਿ ਨ ਮੋਹਤਿ ਹ੍ਵੈ ਅਸਿ ਨਾਹਿ ਬਲੀ ਬਿਧਿ ਕੋਇ ਬਨਾਯੋ ।
ਹਮ ਕੋ ਸਭ ਦੇਖਤਿ ਮੋਹਤਿ ਹੈ ਪਲ ਮੈਂ ਸ਼ਿਵ ਕੋ ਹਮ ਜਾਇ ਭੁਲਾਯੋ ।
ਸਿਵਆਦਿਕ ਮੋਹਿ ਲਏ ਹਮਨੈਂ ਪਰ ਏਹ ਹਮ ਕੋ ਨਹਿ ਖਾਤਰਿ ਲਯਾਯੋ ।
ਕਰਿ ਕੈ ਮਨ ਮਾਹਿ ਬਿਚਾਰ ਭਲੇ ਮਿਲਿ ਕੈ ਸਭਨੈ ਪੁਨਿ ਸੀਸ ਨਿਵਾਯੋ । 14 ।
ਪਰਿਪੂਰਨ ਬ੍ਰਹਮ ਸਨਾਤਨ ਏ ਤਿਨ ਕੇ ਮਨ ਮੈ ਬਿਸ਼ਵਾਸ ਸੁ ਆਯੋ ।
ਹਰਿ ਕੀਰਤਨ ਸੁ ਲਗੀ ਕਰਨੇ ਮੁਨਿ ਰਾਗੁ ਅਲਾਪ ਸੁ ਤਾਂਹਿ ਸੁਨਾਯੋ ।

ਮਨ ਮੋਹਨਿ ਮੋਹਿ ਲਏ ਹਮਰਾ, ਇਹੁ ਛੰਦ ਬਸੰਤੁ ਬਿਖੈ ਤਿਨ ਗਾਯੋ ।
ਬਰਨੇ ਹਰਿ ਕੇ ਗੁਨਿ ਛੰਦ ਵਿਖੈ ਗੁਰ ਨਾਨਕ ਕੇ ਮਨ ਮਾਹਿ ਸੁ ਭਾਯੋ । 15 ।
ਹਰਿ ਕੇ ਗੁਨਿ ਭਾਵਤਿ ਨਾਨਕ ਕੋ ਸੁਣਿ ਕੈ ਗੁਰ ਨਾਨਕ ਨੈਨ ਉਘਾਰੇ ।
ਦ੍ਰਿਸ਼ਟੀ ਤਿਨ ਊਪਰਿ ਜਾਇ ਪਰੀ ਮਦਨਾਗ ਬੁਝੀ ਨਾ ਲਗੀ ਕਛੁ ਬਾਰੇ ।
ਸਭ ਸੀਤਲੁ ਹੋਇ ਗਈ ਛਿਨ ਮਹਿ; ਰਿਸ਼ੀ ਪਤਿਨੀ ਸਮ ਤਾਹਿ ਸੁ ਨਾਰੇ ।
ਤਬ ਦੰਡ ਪ੍ਰਣਾਮ ਕਰੀ ਸਭਨੈ ਧਰ ਕੈ ਧਰਿ ਊਪਰਿ ਹਾਥ ਪਸਾਰੇ । 16 ।

ਨਾਇਕਾ ਵਾਚ

ਅਬਲਾ ਹਮ ਮੂੜਿਮਤੀ ਹਮਰੀ ਤੁਮ ਪੂਰਨ ਬ੍ਰਹਮ ਸਨਾਤਨ ਸਵਾਮੀ ।
ਸਭ ਕਾਰਜ ਕਾਰਨ ਆਦਿਕ ਜੋ ਸਭ ਤੋਂਹਿ ਰਚਾ ਤੁਮ ਆਪ ਅਗਾਮੀ ।
ਤੁਮ ਕਾਰਜ ਕਾਰਨ ਮਾਹਿ ਭਰੇ ਭਰਿ ਕੇ ਸੁਬਚੇ ਪੁਨਿ ਔਰ ਸੁਧਾਮੀ ।
ਅਪਰਾਧ ਭਯੋ ਹਮ ਤੇ ਜਿਤਨਾ, ਤਿਤਨਾ ਬਖਸ਼ੋ ਤੁਮ ਅੰਤਰਿਜਾਮੀ । 17 ।

ਅਮਲਾ ਬਰਨ ਛੰਦ

ਗੁਣਿ ਤੀਨ ਮਈ ਤੁਮਰੀ ਸ਼ਕਤੀ ਜੜਿ ਚੇਤਨ ਰੂਪ ਸੁ ਤਾਂਹਿ ਉਚਾਰੇ ।
ਪੁਰਖੰ ਪਰਕ੍ਰਿੱਤਿ ਸੁ ਨਾਮ ਕਹੈ. ਸਬਲੰ ਸੁਧ ਨਾਮ ਪਰੇ ਸੁ ਤੁਮਾਰੇ ।
ਤੁਮ ਆਪ ਕਰੀ ਦ੍ਰਿਸ਼ਟੀ ਤਿਸ ਮੈਂ ਉਤਿਪੰਨ ਭਯੇ ਮਹਤੱਤ ਉਦਾਰੇ ।
ਮਹਤੱਤ ਸੁ ਕਾਰਨ ਹੈ ਸਭ ਕਾ, ਮਹਤੱਤਹੁੰ ਅਹ ਤਿਨ ਭਾਂਤਿ ਬਿਚਾਰੇ । 18 ।
ਸੁਅਹਿ ਤਿਨ ਭਾਂਤਿ ਰਜੋ ਗੁਨਿ ਸ਼ਾਂਤਕ ਤਾਮਸ ਔਰ ਸੁਬੇਦ ਉਚਾਰੇ ।
ਸੁ ਤਮੋਗੁਨਿ ਤੇ ਤਤ ਪੰਚ ਭਏ ਸੁਰਜੋਗੁਨਿ ਤੇ ਦਸ ਇੰਦ੍ਰਯ ਸਾਰੇ ।
ਤਿਨ ਤੇ ਪਰਪੰਚ ਭਯੋ ਸਗਲਾ ਸਭ ਕਾਰਨ ਕਾਰਜ ਤੋਹਿ ਅਧਾਰੇ । 19 ।

ਸਵੈਯਾ

ਜਨ ਤਾਰਨ ਕਾਰਨ ਦੇਹਿ ਧਰਯੋ ਤੁਮ ਆਪ ਬਿਦੇਹਿ ਸੁ ਆਹਿ ਉਦਾਰੇ ।
ਗੁਨਿ ਤੀਨਹੁ ਤੇ ਤੁਮ ਆਹਿ ਪਰੈ, ਨਿਗਮਾਗਮ ਨੇਤਿਹ ਨੇਤਿ ਪੁਕਾਰੇ ।
ਤੁਮਰੀ ਮਹਿਮਾ ਨਹਿ ਜਾਨ ਪਰੇ ਨਿਗਮਾਗਮ ਸਿੱਧ ਮੁਨੀ ਕਹਿ ਸਾਰੇ ।
ਅਬਲਾ ਹਮ ਮੂੜਿ ਮਤੀ ਹਮਰੀ, ਹਮ ਕਯੋ ਕਰਿ ਤਾਂਹਿ ਸੁ ਪਾਵਹਿ ਪਾਰੇ । 20 ।
ਇਸ ਤੇ ਹਮਰੀ ਅਭਿਬੰਦਨ ਹੈ ਤਨੁ ਤੇ ਮਨ ਤੇ ਗੁਰਦੇਵ ਉਦਾਰੇ ।
ਹਮ ਫੇਰਿ ਨਹੀ ਅਪਰਾਧਿ ਕਰੈਂ ਬਖਸੋ ਪਿਛਿਲੇ ਅਪਰਾਧਿ ਹਮਾਰੇ ।
ਤਵ ਸੇਵਕ ਕੇ ਪੁਨਿ ਸੇਵਕ ਜੋ ਤਿਨ ਸੇਵਕ ਕੀ ਹਮ ਹੈਂ ਪਨਹਾਰੇ ।
ਤਨੁ ਤੇ ਮਨ ਤੇ ਸਭ ਦੀਨ ਪਈ ਕਿਰਪਾਲ ਗੁਰੂ ਤਬ ਵਾਕ ਉਚਾਰੇ । 21 ।

ਰਾਗੁ ਬਸੰਤ ਮਹਲਾ । ੧ । ਅਸਟਪਦੀ ਘਰ ੧ ।

ਜਗ ਕਊਆ ਨਾਮ ਨਹੀਂ ਚੀਤਿ । ਨਾਮੁ ਬਿਸਾਰ ਗਿਰੈ ਦੇਖ ਭੀਤਿ ।
ਮਨੂਆ ਡੋਲੈ ਚੀਤਿ ਅਨੀਤ· ਜਗ ਸਿਉ ਟੂਟੀ ਝੂਠ ਪਰੀਤਿ । 1 ।

(ਪੱਤਰਾ 1353–62)

—o—

# ਸ਼ਿਵਨਾਭ ਨੂੰ ਉਪਦੇਸ਼

**ਗੁਰੂ ਨਾਨਕ ਸਾਹਿਬ ਨੇ ਰਾਜਾ ਸ਼ਿਵਨਾਭ ਨੂੰ**
**ਭਗਤੀ ਮਾਰਗ ਦੀ ਵਿਆਖਿਆ ਇਉਂ ਕਰਕੇ ਦੱਸੀ ਹੈ :—**

### ਅੜਿੱਲ ਛੰਦ

ਰਿੱਧਿ ਸਿੱਧਿ ਸਭ ਜੇਤੀ ਭੂਪ ! ਮਹਾਨਿਯੇ ।
ਮੁਕਤਿ ਪੰਥ ਕੀ ਬੈਰਨਿ ਤਾਂਹਿ ਪਛਾਨਿਯੇ ।
ਇਨ ਤੇ ਬੇਮੁਖਿ ਰਹੈ ਨ ਨੇਹੁ ਲਗਾਵਈ ।
ਹੋ ਪਰਮ ਤੱਤ ਕੋ ਭੂਪਤਿ ! ਤਬਹੀ ਪਾਵਈ । 35 ।
ਸਿੱਧਿਨ ਕੇ ਜੰਜਾਲ ਮਾਹਿ ਜੋ ਪਰਤ ਹੈਂ ।
ਭਗਵਤ ਤੇ ਸੁ ਬੇਮੁਖ ਮੂਲ ਨ ਤਰਤਿ ਹੈਂ ।
ਸਿਧਨ ਕੇ ਜੰਜਾਲ ਮਾਹਿ ਜੋ ਪਰੈਂਗੇ ।
ਹੋ ਭਗਵਤਿ ਤੇ ਹੈਂ ਬੇਮੁਖਿ ਭੂਪ ਨ ਤਰੈਂਗੇ । 36 ।
ਮੁਕਤਿ ਭਯੋ ਜੋ ਚਾਹੈਂ ਭੂਪ ਮਹਾਨਿਯੇ ।
ਤਉ ਤੁਮ ਹਮਰਾ ਕਹਯਾ ਭੂਪ ਅਬ ਮਾਨਿਯੇ ।
ਭਗਵਤਿ ਭਗਤੀ ਕਰੋ ਭੂਪ ਮਨ ਲਾਇਕੈ ।
ਹੋ ਜਿਸਤੇ ਭਗਵਤਿ ਹਾਜ਼ਰਿ ਹੋਇ ਸੁ ਆਇਕੈ । 37 ।

### ਸਵੈਯਾ

ਭਗਤੀ ਬਿਨ ਮੋਖ ਨਹੀਂ ਕਲਪਾਂਤਿ ਸਿਧਾਂਤਿ ਹਰੀ ਇਮ ਆਪ ਉਚਾਰੇ ।
ਭਗਤੀ ਪਿਰਿਯੇ ਹਮ ਕੋ ਅਤਿਸੈ ਭਗਵਾਨ ਕਹਯੋ ਤੁਮਕੋ ਬਹੁ ਬਾਰੇ ।
ਭਗਤੀ ਉਰ ਗਯਾਨ ਬਿਰਾਗ ਜਨੇ ਇਸਿ ਤੇ ਭਗਤੀ ਜਗ ਮਾਹਿ ਸੁ ਸਾਰੇ ।
ਭਗਤੀ ਅਬ ਮਾਰਗ ਤੋਹਿ ਕਹੋ ਅਬ ਆਪ ਸੁਣੋ ਤੁਮ ਭੂਪ ਉਦਾਰੇ । 38 ।
ਹਿਰਦਾ ਉਰ ਭੂਪ ਲਖੋ ਅਵਨੀ ਭਗਤੀ ਸ਼ਰਧਾ ਪੁਨਿ ਬੀਜ ਸੁ ਮਾਨੋ ।
ਹਰਿ ਸੰਤਨਿ ਸੰਗ ਕਿਲਾਪ ਰਹੈ, ਉਪਜੈ ਭਗਤੀ ਤਬ ਅੰਕੁਰ ਜਾਨੋ ।
ਹਰਿ ਕੀਰਤਨੰ ਹਰਿ ਨਾਮ ਹਰੀ ਹਰਿ ਸੰਤਨਿ ਵਾਕ ਸੁ ਬਾੜ ਪਛਾਨੋ ।
ਸਤਿਸੰਗ ਕਿਲਾਲ ਜੁਰੋ ਜਪ ਰੇ ਭਗਤੀ ਤਬ ਪੇਡ ਬਢੈ ਉਰ ਆਨੋ । 39 ।
ਰਖਿਆ ਪੁਨਿ ਤਾਹਿ ਕੁਸੰਗਤ ਜੈ ਤਨ ਤੇ ਮਨ ਤੇ ਤਿਨ ਓਰ ਨ ਹੇਰੀ ।
ਭਗਤਿ ਪ੍ਰਭਾਉ ਨਹੀਂ ਜਿਨਕੈ ਤਿਨ ਕਾ ਸਤਿਸੰਗ ਸੁ ਜਾਨਹੁ ਫੇਰੀ ।
ਤਨ ਤੇ ਮਨ ਤੇ ਤਿਨ ਸੰਗਤ ਜੋ ਉਰ ਮੇਂ ਤੁਮ ਬਾਤ ਰਖੋ ਇਹੁ ਮੇਰੀ ।
ਹਰਿ ਸੰਤਨਿ ਕਾ ਸਤਿਸੰਗ ਕਰੋ ਤਬ ਹੋਵਹਿਗੀ ਕਲਿਆਣ ਸੁ ਤੇਰੀ । 40 ।

ਭਗਤੀ ਪ੍ਰਭਾਵ ਅਹੇ ਜਿਨ ਕੈ ਤਿਨ ਕਾ ਸਤਿਸੰਗ ਕਰੋ ਤੁਮ ਭਾਈ।
ਭਗਤੀ ਤਬ ਪੇਡਿ ਬਢੇ ਉਰ ਮੇਂ ਦਿਨ ਹੀ ਦਿਨ ਮੈਂ ਬਿਸਤਾਰ ਸੁ ਪਾਈ।
ਨਵਧਾ ਭਗਤੀ ਬਿਸਤਾਰ ਬਢੈ ਪਰਣੰ ਫਲੁ ਫੂਲਿ ਸਬੈ ਸੁਖਦਾਈ।
ਨਵਧਾ ਭਗਤੀ ਮਮ ਆਪ ਕਹੋ ਅਬ ਭਾਖਤਿ ਹਂ ਸੁਨਿਯੇ ਮਨ ਲਾਈ। 41।

ਗੁਰ ਨਾਨਕੋ ਵਾਚ । ਅੜਿੱਲ ਛੰਦ।
ਸ੍ਰਵਨਿ ਕੀਰਤਨੁ ਸਿਮਰਨ ਤਾਂਹਿ ਸੁ ਜਾਨਿਯੇ।
ਆਦ ਸੇਵਨਾ ਅਰਚਨਿ ਬੰਦਨ ਮਾਨਿਯੇ।
ਸਪਤਮ ਦਾਸਾ ਭਾਵ ਚਿੱਤ ਮੇਂ ਰਾਖਿਯੇ।
ਹੋ ਸਖਾ ਭਾਉ ਪੁਨਿ ਸਰਬ ਨਿਵੇਦਨ ਭਾਖਿਯੇ। 42।

ਦੋਹਰਾ

ਨਵਧਾ ਭਗਤੀ ਇਹੁ ਕਹੀ, ਭੂਪਤਿ ਤੋਹਿ ਮਹਾਨ।
ਭਿੰਨ ਭਿੰਨ ਕਰਿ ਅਰਥ ਅਬ, ਇਨਕਾ ਕਰੋਂ ਬਖਾਨ। 43।

ਅੜਿਲ ਛੰਦ

ਹਰਿ ਗੁਨਿ ਸਰਵਨਿ ਕਰੈ ਸੁ ਸਰਵਨਿ ਜਾਨਿਯੇ।
ਸੁਨੈ ਸੁ ਤਨ ਮਨ ਲਾਇ ਸੁ ਤਾਂਹਿ ਮਹਾਨਿਯੇ।
ਨਿਰਗੁਨਿ ਸਰਗੁਨਿ ਰੂਪ ਦੋਇ ਭਗਵਾਨ ਕੇ।
ਹੋ ਦੋਨੋਂ ਸਰਵਨਿ ਕਰੈ ਸੁ ਤਾਹਿ ਮਹਾਨਿ ਕੇ। 44।
ਸਤਿ ਚਿਤ ਆਨੰਦ ਰੂਪ ਸੁਨਿ ਗੁਨਿ ਜਾਨਿਯੇ।
ਰਾਮਾਦਿਕ ਅਵਤਾਰ ਸੁ ਸਰਗੁਨਿ ਮਾਨਿਯੇ।
ਕੀਰਤਨ ਅਬ ਕਹੋਂ ਸੁਨੋਂ ਮਨ ਲਾਇਕੈ।
ਹੋ ਕੀਰਤਨ ਦੋਇ ਭਾਂਤਿ ਕਹੋਂ ਸਮਝਾਇਕੈ। 45।
ਨਿਰਗੁਨਿ ਕੇ ਗੁਨਿ ਬਰਨੈ ਤਾਂਹਿ ਮਹਾਨਿਯੇ।
ਸਭ ਇੰਦ੍ਰਿਯ ਕਾ ਚਾਲਕ ਸੋਇ ਪਛਾਨਿਯੇ।
ਜਗਤਿ ਭਯੋ ਸਭ ਪਾਛੈ ਸੋ ਹਰਿ ਆਗਈ।
ਹੋ ਬਯਾਪਕਿ ਹੈ ਸਭ ਮਾਹਿ, ਬਿਕਾਰ ਨ ਲਾਗਈ। 46।
ਇਤਿਆਦਿ ਗੁਨਿ ਬਰਨੈ ਤਾਂਹਿ ਮਹਾਨ ਕੇ।
ਪਰਮ ਪੁਰਖ ਪਰਮਾਤਮ ਤਾਹਿ ਸੁਜਾਨ ਕੇ।
ਨਿਰਗੁਨਿ ਕੀਰਤਿ ਇਹੁ ਸੁਜਾਨ ਸੁ ਜਾਨਿਯੇ।
ਹੋ ਸਰਗੁਨਿ ਕੀਰਤਿ ਕਹੋਂ ਸੁਨੋ ਸੁ ਮਹਾਨਿਯੇ। 47।
ਸਰਗੁਨਿ ਲੀਲਾ ਬਰਨੈ ਗੁਨ ਭਗਵਾਨ ਕੇ।
ਰਸਿਕ ਚਰਿਤਰ ਬਰਨੈ ਗੋਪੀ ਕਾਨ੍ਹ ਕੇ।
ਸਰਗੁਨਿ ਕੀਰਤਿ ਏਹੁ ਸੁ ਭੂਪ ਪਛਾਨਿਯੇ।
ਹੋ ਅਬ ਤੁਹਿ ਸਿਮਰਨ ਕਹੋਂ ਸੁ ਸੁਨੋ ਮਹਾਨਿਯੇ। 48।

### ਦੋਹਰਾ

ਸਿਮਰਨ ਦੁਇ ਪਰਕਾਰ ਕਾ ਵਾਚਕ ਗਰਭ ਸੁ ਜਾਨ।
